

# ਸਾਕਾ ਦਰਬਾਰ ਸਾਹਿਬ ਯਾਦਗਾਰ ਰਿਪੋਰਟ

ਦਸੰਬਰ ੨੦੧੧

**ਸਾਕਾ ਦਰਬਾਰ ਸਾਹਿਜਬ ਯਾਦਗਾਰ ਕਮੇਟੀ ਮੈਂਬਰ:**
ਗੁਰਤੇਜ ਸਿੰਘ, ਅਜਮੇਰ ਸਿੰਘ,
ਪ੍ਰੋ. ਜਗਮੋਹਨ ਸਿੰਘ, ਏ. ਆਰ. ਦਰਸ਼ੀ

**ਜਾਰੀ ਕਰਤਾ:**
ਖਾਲਸਾ ਐਕਸ਼ਨ ਕਮੇਟੀ, ਦਲ ਖਾਲਸਾ,
ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ),
ਪੰਥਕ ਸੇਵਾ ਲਹਿਰ

# ਤਤਕਰਾ


| | |
|---|---|
| ਮੁੱਖਬੰਦ | 3 |
| ਜੂਨ 1984 ਤੋਂ ਜੂਨ 2011 ਤੱਕ | 5 |
| ਬਾਬਾ ਦੀਪ ਸਿੰਘ ਤੋਂ ਸੰਤ ਜਰਨੈਲ ਸਿੰਘ ਤੱਕ ਦਾ ਇਤਿਹਾਸਕ ਸਫ਼ਰ | 9 |
| ਫ਼ੌਜੀ ਹਮਲੇ ਦਾ ਕਹਿਰ ਅਤੇ ਸ਼ਹਾਦਤਾਂ ਦੀ ਅਲੌਕਿਕ ਝਾਕੀ! | 13 |
| ਜਾਂਬਾਜ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ | 21 |
| ਸਾਕਾ ਦਰਬਾਰ ਸਾਹਿਬ ਯਾਦਗਾਰ ਕਿੱਥੇ ਉਸਾਰੀ ਜਾਵੇ? | 24 |
| ਸ਼ਹੀਦੀ ਯਾਦਗਾਰ: ਕਦੋਂ ਕੀ ਹੋਇਆ? | 26 |
| ਅੰਤਿਕਾ 1: ਸਾਕਾ ਦਰਬਾਰ ਸਾਹਿਬ ਯਾਦਗਾਰ ਉਸਾਰਨ ਲਈ ਸੰਤ ਬਾਬਾ ਹਰਨਾਮ ਸਿੰਘ ਜੀ ਧੁੰਮਾ ਨੂੰ ਪੱਤਰ | 28 |
| ਅੰਤਿਕਾ 2: Letter to Dr. Jaspal Singh-Dr. Prithpal Singh Kapur | 30 |
| ਅੰਤਿਕਾ 3: ਲੋਕ ਰਾਇ ਇਕੱਠੀ ਕਰਨ ਲਈ ਇਸ਼ਤਿਹਾਰ | 32 |
| ਅੰਤਿਕਾ 4: ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਮੈਂਬਰਾਂ ਦੀ ਸੰਖੇਪ ਜਾਣ-ਪਹਿਚਾਣ | 33 |
| ਅੰਤਿਕਾ 5: ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਦੀਆਂ ਮੈਂਬਰ ਜਥੇਬੰਦੀਆਂ ਦੀ ਸੰਖੇਪ ਜਾਣ-ਪਹਿਚਾਣ | 34 |
| ਅੰਤਿਕਾ 6: ਸਾਕਾ ਦਰਬਾਰ ਸਾਹਿਬ ਯਾਦਗਾਰ ਦੀ ਉਸਾਰੀ ਲਈ ਚੋਣ ਕੀਤੇ ਸਥਾਨਾਂ ਦੀਆਂ ਤਸਵੀਰਾਂ | 35 |




# ਮੁੱਖ-ਬੰਦ
# ਸਾਕਾ ਦਰਬਾਰ ਸਾਹਿਬ ਯਾਦਗਾਰ ਦਾ ਪਿਛੋਕੜ

ਦਰਬਾਰ ਸਾਹਿਬ, ਅੰਮ੍ਰਿਤਸਰ ਉੱਤੇ ਜੂਨ 1984 ਵਿੱਚ ਹਿੰਦੁਸਤਾਨ ਦੀ ਸਰਕਾਰ ਦੀਆਂ ਵਫ਼ਾਦਾਰ ਫ਼ੌਜਾਂ ਵੱਲੋਂ ਹਮਲਾ ਕੀਤਾ ਗਿਆ। ਪਿਛਲੀ ਸਦੀ ਦੀ ਆਖ਼ਰੀ ਚੌਥਾਈ ਦੌਰਾਨ ਹਮਲੇ ਲਈ ਜ਼ਿੰਮੇਵਾਰ ਤਕਰੀਬਨ ਹਰੇਕ ਵੱਲੋਂ ਸਰਵ-ਵਿਆਪਕ ਰੂਪ 'ਚ ਇਕਬਾਲ ਕੀਤਾ ਗਿਆ ਹੈ ਕਿ ਇਹ ਹਮਲਾ ਬੇਲੋੜਾ, ਵਿਅਰਥ ਅਤੇ ਤਬਾਹਕੁੰਨ ਸੀ। ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹੋਰ ਸਿੱਖ ਸਿਆਸੀ ਜਥੇਬੰਦੀਆਂ ਅਤੇ ਸੰਸਥਾਵਾਂ ਨੇ ਸਿੱਖਾਂ ਕੌਮ ਵਿੱਚ ਇਸ ਸਾਕੇ ਦੀ ਯਾਦਗਾਰ ਬਣਾਉਣ ਸਬੰਧੀ ਵਿਆਪਕ ਸਥਾਈ ਸ਼ਕਤੀਸ਼ਾਲੀ ਜਜ਼ਬਾਤ ਨੂੰ ਸਮੇਂ-ਸਮੇਂ ਜਨਤਕ ਵਾਅਦਿਆਂ ਰਾਹੀਂ ਪ੍ਰਵਾਨਗੀ ਦਿੱਤੀ ਸੀ।

ਪਿਛੋਕੜ ਵਿੱਚ ਵੱਖ-ਵੱਖ ਜਥੇਬੰਦੀਆਂ ਨੇ ਆਪਣੇ-ਆਪਣੇ ਨਿਵੇਕਲੇ ਢੰਗਾਂ ਨਾਲ (ਯਾਦ-ਪੱਤਰ ਦੇ ਕੇ, ਬਿਆਨਾਂ ਰਾਹੀਂ, ਭੁੱਖ ਹੜਤਾਲਾਂ ਕਰ ਕੇ) ਯਾਦਗਾਰ ਦੀ ਲੋੜ ਨੂੰ ਕੌਮੀ ਸੋਚ ਅਤੇ ਸੰਕਲਪ ਵਿੱਚ ਜਿਊਂਦਾ ਰੱਖਿਆ।

ਜਿਵੇਂ ਕਿ ਇਸ ਰਿਪੋਰਟ ਵਿੱਚ ਵਿਸਥਾਰ ਨਾਲ ਦੱਸਿਆ ਗਿਆ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਕਾਲ ਤਖ਼ਤ ਸਾਹਿਬ, ਦਮਦਮੀ ਟਕਸਾਲ ਅਤੇ ਕੌਮ-ਪ੍ਰਸਤ ਜੱਥੇਬੰਦੀਆਂ ਦੇ ਦਬਾਅ ਹੇਠਾਂ ਸ਼ਹੀਦਾਂ ਦੀ ਯਾਦਗਾਰ ਸਥਾਪਤ ਕਰਨ ਦੇ ਮੰਤਵ ਲਈ 8 ਜੂਨ 2011 ਨੂੰ ਇੱਕ ਕਮੇਟੀ ਬਣਾਈ।

ਚਾਰ ਪੰਥਕ ਜਥੇਬੰਦੀਆਂ - ਦਲ਼ ਖ਼ਾਲਸਾ, ਖ਼ਾਲਸਾ ਐਕਸ਼ਨ ਕਮੇਟੀ, ਸ਼੍ਰੋਮਣੀ ਅਕਾਲੀ ਦਲ਼ (ਪੰਚ ਪ੍ਰਧਾਨੀ) ਅਤੇ ਪੰਥਕ ਸੇਵਾ ਲਹਿਰ (ਦਾਦੂਵਾਲ) ਨੇ ਇਕੱਠਿਆਂ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਕਮੇਟੀ ਨਾਲ ਰਾਬਤਾ ਕਾਇਮ ਕਰਨ ਅਤੇ ਅਜਿਹੀ ਯਾਦਗਾਰ ਲਈ ਖਾਕਾ ਤਿਆਰ ਕਰਨ ਲਈ ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਦਾ ਗਠਨ ਕੀਤਾ।

ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਮੌਜੂਦਾ ਜਥੇਦਾਰ ਗਿਆਨੀ ਗੁਰਬਚਨ ਸਿੰਘ -ਦੋਹਾਂ ਨੇ ਦੁਹਰਾਇਆ ਹੈ ਕਿ ਸਾਕਾ ਦਰਬਾਰ ਸਾਹਿਬ ਯਾਦਗਾਰ ਬਣਨੀ ਚਾਹੀਦੀ ਹੈ। ਉਨ੍ਹਾਂ ਦੇ ਬਚਨਾਂ ਨੂੰ ਆਦੇਸ਼ ਸਮਝ ਕੇ ਕੁਝ ਹਲਚਲ ਹੋਈ ਸੀ ਜਿਸ ਸਦਕਾ ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਨੇ ਆਪਣੇ ਵੱਲੋਂ ਇੱਕ ਰਿਪੋਰਟ ਬਣਾ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਵੱਲੋਂ ਨਾਮਜ਼ਦ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਦੇਣ ਦਾ ਫ਼ੈਸਲਾ ਕੀਤਾ ਸੀ।

ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਨੇ ਦਰਬਾਰ ਸਾਹਿਬ ਸਮੂਹ ਦਾ ਦੌਰਾ ਕੀਤਾ, ਕਈ ਥਾਂਵਾਂ ਦੀ ਪਹਿਚਾਣ ਕੀਤੀ, ਸ਼੍ਰੋਮਣੀ ਕਮੇਟੀ-ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਕਮੇਟੀ ਦੇ ਮੈਂਬਰਾਂ ਨਾਲ ਤਾਲਮੇਲ ਕੀਤਾ। ਇਸ ਕਮੇਟੀ ਦੇ ਮੈਂਬਰਾਂ ਨੇ ਯਾਦਗਾਰ ਦੀ ਜਗ੍ਹਾ ਅਤੇ ਇਸ ਨਾਲ ਸਬੰਧਤ ਹੋਰ ਮੁੱਦਿਆਂ ਦੇ ਵਿਸ਼ੇ 'ਤੇ ਜਥੇਬੰਦੀਆਂ ਅਤੇ ਵਿਅਕਤੀਆਂ ਨੂੰ ਸੱਦਿਆ ਅਤੇ ਉਹਨਾਂ ਦੀ ਰਾਇ ਇਕੱਤਰ ਕੀਤੀ। ਨਾਲ ਹੀ ਅਖ਼ਬਾਰ ਵਿੱਚ ਇਸ਼ਤਿਹਾਰ ਦਿੱਤਾ ਗਿਆ, ਈ. ਮੇਲ ਰਾਹੀਂ ਸਵਾਲਨਾਮਾ/ਪ੍ਰਸ਼ਨ-ਸੂਚੀ ਭੇਜ ਕੇ ਵਿਚਾਰ ਇਕੱਠੇ ਕੀਤੇ ਗਏ। ਕਈ ਗੁਰਸਿੱਖਾਂ ਨੇ ਟੈਲੀਫ਼ੋਨ ਕਰ ਕੇ ਆਪਣੀ ਰਾਇ ਦਿੱਤੀ। ਇਸ ਤੋਂ ਇਲਾਵਾ



ਫੇਸਬੁੱਕ ਰਾਹੀਂ ਵੀ ਵਿਚਾਰ ਪ੍ਰਾਪਤ ਹੋਏ। "ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ" ਦੇ ਸੱਦੇ 'ਤੇ ਜੂਨ 1984 ਦੇ ਘੱਲੂਘਾਰੇ ਮੌਕੇ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੇ ਪਰਿਵਾਰਕ ਮੈਂਬਰ 31 ਜੁਲਾਈ 2011 ਨੂੰ ਗੁਰਦੁਆਰਾ ਸ਼ਹੀਦ ਗੰਜ, ਬੀ ਬਲਾਕ, ਅੰਮ੍ਰਿਤਸਰ ਵਿਖੇ ਇਕੱਤਰ ਹੋਏ ਅਤੇ ਆਪਣੇ ਵਿਚਾਰ ਦਿੱਤੇ। ਸਾਨੂੰ ਖੁਸ਼ੀ ਹੈ ਕਿ ਪੰਜਾਬ, ਹਿੰਦੁਸਤਾਨ ਦੇ ਹੋਰਨਾਂ ਸੂਬਿਆਂ ਅਤੇ ਵਿਦੇਸ਼ਾਂ ਤੋਂ ਜਥੇਬੰਦੀਆਂ ਅਤੇ ਵਿਅਕਤੀਆਂ ਨੇ ਵੀ ਵਿਚਾਰ ਪੇਸ਼ ਕੀਤੇ। ਕਈ ਸ਼ਹੀਦਾਂ ਦੇ ਰਿਸ਼ਤੇਦਾਰਾਂ ਨਾਲ ਵੀ ਮੁਲਾਕਾਤ ਕੀਤੀ ਗਈ ਅਤੇ ਉਹਨਾਂ ਦੀ ਰਾਇ ਅਤੇ ਵਿਚਾਰ ਜਾਣੇ ਗਏ।

ਹਥਲੀ ਰਿਪੋਰਟ ਵਿੱਚ ਕਮੇਟੀ ਵੱਲੋਂ ਪੂਰੇ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਰੋਲ ਕੀ ਸੀ, ਜੁਝਾਰੂ ਜਥੇਬੰਦੀਆਂ ਦਾ ਰੋਲ ਕੀ ਸੀ, ਸਿੱਖ ਕੌਮੀਅਤ ਨੂੰ ਸਮਰਪਿਤ ਸਿੱਖ ਕੌਮੀ ਜਥੇਬੰਦੀਆਂ ਅਤੇ ਆਮ ਸਿੱਖਾਂ ਵੱਲੋਂ ਸਾਕਾ ਦਰਬਾਰ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਕੀ ਉਪਰਾਲੇ ਵੱਖ-ਵੱਖ ਸਮੇਂ ਕੀਤੇ ਗਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਭਾਰਤ ਸਰਕਾਰ ਨੇ ਇਸ ਨੂੰ ਨਾ ਬਣਨ ਦੇਣ ਲਈ ਕੀ ਮਾਹੌਲ ਬਣਾਇਆ ਅਤੇ ਕੀ ਕਾਰਗੁਜ਼ਾਰੀ ਕੀਤੀ। ਏਸ ਸਭ ਦਾ ਸੰਕੇਤਕ ਵੇਰਵਾ ਵੀ ਦਿੱਤਾ ਗਿਆ ਹੈ।

ਪੰਜਾਬ ਅਤੇ ਪੰਜਾਬ ਤੋਂ ਬਾਹਰ ਸਿੱਖਾਂ ਨੂੰ ਰੱਤੀ ਭਰ ਵੀ ਵਿਸ਼ਵਾਸ ਨਹੀਂ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਸ਼ਹੀਦੀ ਯਾਦਗਾਰ ਬਣਾਉਣ ਲਈ ਤਤਪਰ ਹਨ। ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਦਾ ਇਹ ਮੰਨਣਾ ਹੈ ਕਿ ਇਹ ਯਾਦਗਾਰ ਯਕੀਨੀ ਤਾਂ ਹੀ ਬਣਾਈ ਜਾ ਸਕਦੀ ਹੈ ਜੇ ਸਿੱਖ ਜਥੇਬੰਦੀਆਂ ਅਤੇ ਸ਼ਖ਼ਸੀਅਤਾਂ ਆਪਣਾ ਦਬਾਅ ਜਾਰੀ ਰੱਖਣ।

ਸਾਡਾ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਸਿੱਖ ਕੌਮੀਅਤ ਦਾ ਝੰਡਾ ਬੁਲੰਦ ਰੱਖਣ ਲਈ, ਭਾਰਤ-ਸਿੱਖ ਜੰਗ ਜੂਨ 1984 (ਸਾਕਾ ਦਰਬਾਰ ਸਾਹਿਬ 1984) ਵਿੱਚ ਜਾਨਾਂ ਨਿਛਾਵਰ ਕਰਨ ਵਾਲਿਆਂ ਦੀ ਕਦਰ ਅਤੇ ਸਤਿਕਾਰ ਜਿਊਂਦਾ ਰੱਖਣ ਲਈ, ਇਹ ਯਾਦਗਾਰ ਇੱਕ ਅਨਮੋਲ ਪ੍ਰੇਰਨਾ-ਸ੍ਰੋਤ ਹੋਵੇਗੀ।



# ਜੂਨ 1984 ਤੋਂ ਜੂਨ 2011 ਤੱਕ



ਜੂਨ 1984 ਦੀ ਭਾਰਤ-ਸਿੱਖ ਜੰਗ, ਜਿਸ ਨੂੰ ਇਸ ਦਸਤਾਵੇਜ਼ ਵਿੱਚ "ਸਾਕਾ ਦਰਬਾਰ ਸਾਹਿਬ 1984" ਕਿਹਾ ਗਿਆ ਹੈ, ਨੇ ਭਾਰਤ ਤੇ ਸਿੱਖਾਂ ਦੇ ਰਿਸ਼ਤਿਆਂ ਵਿੱਚ ਇੱਕ ਨਵਾਂ ਦੌਰ ਸ਼ੁਰੂ ਕੀਤਾ ਸੀ।

1849 ਵਿੱਚ ਆਪਣੀ ਆਜ਼ਾਦੀ ਗਵਾਉਣ ਤੋਂ ਬਾਅਦ, ਪਿਛਲੀ ਸਦੀ ਦੇ ਅੱਸੀਵਿਆਂ ਵਿੱਚ ਪਹਿਲੀ ਵਾਰੀ, ਸਿੱਖ ਇੱਕ ਅਜਿਹਾ ਮਾਹੌਲ ਸਿਰਜਣ ਵਿੱਚ ਕਾਮਯਾਬ ਹੋਏ ਜਿਸ ਤਹਿਤ ਉਹ ਆਪਣੀ ਆਜ਼ਾਦ ਹਸਤੀ ਨੂੰ ਦੁਬਾਰਾ ਸੁਰਜੀਤ ਵੀ ਕਰ ਸਕੇ ਅਤੇ ਉਸ ਨੂੰ ਅਮਲ ਵਿੱਚ ਲਿਆਉਣ ਲਈ ਨਿੱਗਰ ਉਪਰਾਲੇ ਵੀ ਕੀਤੇ ਗਏ। ਇਸ ਦੌਰਾਨ ਸਿੱਖ ਕੌਮ ਦੀ ਸਿਧਾਂਤਕ ਵਿਲੱਖਣਤਾ ਦੀ ਸੋਚ ਦਾ ਵੀ ਪਸਾਰ ਹੋਇਆ। ਇਹ ਇਨਕਲਾਬੀ ਦੌਰ, ਭਾਰਤ ਵੱਲੋਂ ਸਿੱਖਾਂ ਨਾਲ ਕੀਤੇ ਵਾਅਦਿਆਂ ਦੀ ਨਿਰਾਦਰੀ ਅਤੇ ਵਧੀਕੀਆਂ ਦੀ ਲੰਬੀ ਦਾਸਤਾਨ ਦਾ ਸਿੱਟਾ ਸੀ।

ਜਿਸ ਤਰ੍ਹਾਂ ਉਮੀਦ ਸੀ, ਭਾਰਤੀ ਨਿਜ਼ਾਮ, ਜੋ ਕਿ ਪਿਛਲੀ ਸਦੀ ਦੇ ਸੱਠਵਿਆਂ ਅਤੇ ਸੱਤਰਵਿਆਂ ਵਿੱਚ ਸਿੱਖਾਂ ਦੀ ਮੁਕੱਮਲ ਖਿਲਾਫ਼ਤ ਲਈ ਜਾਣਿਆ ਜਾ ਚੁੱਕਾ ਸੀ, ਨੇ ਕੋਈ ਨਵੀਂ ਗੱਲ ਨਹੀਂ ਕੀਤੀ। ਦ੍ਰਿੜ੍ਹਤਾ ਨਾਲ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੇ ਰਾਹ ਨਹੀਂ ਪਿਆ ਗਿਆ ਨਾ ਹੀ ਪੈਂਤੜੇਬਾਜ਼ੀ ਅਤੇ ਅਸਰਦਾਰ ਤਰੀਕੇ ਵਰਤੇ ਗਏ। ਇੰਦਰਾ ਗਾਂਧੀ ਦੀ ਅਗਵਾਈ ਹੇਠ ਭਾਰਤ ਸਰਕਾਰ ਨੇ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਵਿੱਚ ਅਤੇ ਸਮੁੱਚੇ ਪੰਜਾਬ ਦੇ 37 ਹੋਰ ਗੁਰਦੁਆਰਿਆਂ ਵਿੱਚ ਵੱਡੇ ਫ਼ੌਜੀ ਅਮਲੇ ਨਾਲ ਹਮਲਾ ਕਰ ਕੇ ਜੂਨ 1984 ਦੀ ਜੰਗ ਸ਼ੁਰੂ ਕਰ ਦਿੱਤੀ। ਇਸ ਹਮਲੇ ਦਾ ਦਿਖਾਵੇ-ਮਾਤਰ ਮੰਤਵ "ਮੁੱਠੀ ਭਰ ਹਥਿਆਰਬੰਦ ਲੋਕਾਂ ਨੂੰ ਦਰਬਾਰ ਸਾਹਿਬ ਤੋਂ ਹਟਾਉਣ" ਦਾ ਦੱਸਿਆ ਗਿਆ ਪਰ ਹਮਲੇ ਦਾ ਅਸਲੀ ਮੰਤਵ ਇਹ ਸੀ ਕਿ ਸਿੱਖਾਂ ਨੂੰ ਦਬਾਇਆ-ਧਮਕਾਇਆ ਜਾਵੇ, ਦਮਦਮੀ ਟਕਸਾਲ ਵੱਲੋਂ ਸਮੁੱਚੇ ਪੰਜਾਬ ਵਿੱਚ ਆਰੰਭੀ ਅਤੇ ਜ਼ੋਰਾਂ 'ਤੇ ਚੱਲ ਰਹੀ ਅਤੇ ਪ੍ਰਫੁੱਲਤ ਹੋ ਰਹੀ ਧਰਮ-ਪ੍ਰਚਾਰ ਅਤੇ ਅੰਮ੍ਰਿਤ-ਪ੍ਰਚਾਰ ਲਹਿਰ ਨੂੰ ਰੋਕਿਆ ਜਾਵੇ ਅਤੇ ਜਿਹੜੇ ਸਿੱਖ ਦ੍ਰਿੜ੍ਹਤਾ ਨਾਲ ਸਿੱਖ ਕੌਮ ਦੀ ਆਜ਼ਾਦ ਹਸਤੀ ਲਈ ਲੜਨ ਦੀਆਂ ਗੱਲਾਂ ਕਰਦੇ ਸੀ, ਆਵਾਜ਼ ਬੁਲੰਦ ਕਰ ਰਹੇ ਸੀ, ਉਨ੍ਹਾਂ ਨੂੰ ਹਰ ਹੀਲੇ ਕੁਚਲਿਆ ਜਾਵੇ।

ਸਾਕਾ ਦਰਬਾਰ ਸਾਹਿਬ 1984 ਦੌਰਾਨ ਦਰਬਾਰ ਸਾਹਿਬ ਵਿੱਚ ਸੈਂਕੜੇ ਸਿੱਖ ਸ਼ਹੀਦ ਹੋਏ, ਅਕਾਲ ਤਖ਼ਤ ਸਾਹਿਬ ਨੂੰ ਭਾਰੀ ਬੰਬਾਰੀ ਨਾਲ ਢਾਹਿਆ ਗਿਆ ਅਤੇ ਸਿੱਖ ਕੌਮ ਨੂੰ ਸਦੀਵੀ ਜ਼ਖ਼ਮ ਦਿੱਤੇ ਗਏ।

ਇਸ ਤੋਂ ਬਾਅਦ ਸ਼ੁਰੂ ਹੋਇਆ ਤਸ਼ੱਦਦ ਅਤੇ ਫ਼ਰਜ਼ੀ ਮੁਕਾਬਲਿਆਂ, ਗੈਰ-ਕਾਨੂੰਨੀ ਗੁੰਮਸ਼ੁਦਗੀਆਂ ਅਤੇ ਕਤਲੋਗਾਰਤ ਦਾ ਦੌਰ; ਸਿੱਖ ਲੀਡਰਸ਼ਿਪ ਦੀ ਨਾਲਾਇਕੀ, ਗ਼ਲਤੀਆਂ ਅਤੇ ਗੱਦਾਰੀਆਂ ਦਾ ਦੌਰ। 1982 ਦੀਆਂ ਏਸ਼ੀਅਨ ਖੇਡਾਂ ਵੇਲੇ ਸਿੱਖਾਂ ਨੂੰ ਵੱਡੇ ਪੱਧਰ 'ਤੇ ਜ਼ਲੀਲ ਕਰ ਕੇ ਬੇਗ਼ਾਨਗੀ ਦਾ ਅਹਿਸਾਸ ਕਰਵਾਇਆ ਗਿਆ ਅਤੇ ਬਦਸਲੂਕੀ ਕੀਤੀ ਗਈ। ਚੱਪੇ-ਚੱਪੇ 'ਤੇ ਤਾਇਨਾਤ ਭਾਰਤੀ ਫ਼ੌਜ, ਪੰਜਾਬ ਪੁਲਿਸ, ਨੀਮ-ਫ਼ੌਜੀ ਦਸਤੇ ਅਤੇ ਗ਼ੈਰ-ਕਾਨੂੰਨੀ ਸਰਕਾਰੀ ਹਥਿਆਰਬੰਦ ਟੋਲਿਆਂ ਵੱਲੋਂ ਪੰਜਾਬ ਨੂੰ ਇੱਕ ਫ਼ੌਜੀ ਕੈਂਪ ਵਿੱਚ ਤਬਦੀਲ ਕਰ ਦਿੱਤਾ ਗਿਆ।

ਬੇਤਹਾਸ਼ਾ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ, ਜਿਨ੍ਹਾਂ ਵਿੱਚ ਫ਼ਰਜ਼ੀ ਪੁਲਸ ਮੁਕਾਬਲਿਆਂ ਵਿੱਚ ਬੇਰਹਿਮੀ ਨਾਲ ਕਤਲ; ਅਣਪਛਾਤੀਆਂ ਲਾਸ਼ਾਂ ਕਹਿ ਕੇ ਸੈਂਕੜੇ ਨੌਜਵਾਨਾਂ ਨੂੰ ਸਾੜਨਾ;

ਇਨਕਲਾਬੀ ਅਤੇ ਰਵਾਇਤੀ, ਦੋਵੇਂ ਕਿਸਮਾਂ ਦੇ ਸਿਆਸੀ ਆਗੂਆਂ ਦੀ ਗ੍ਰਿਫ਼ਤਾਰੀਆਂ, ਤਸ਼ੱਦਦ; ਆਪਣੇ ਜਾਂ ਪੰਜਾਬ ਦੇ ਹੱਕਾਂ ਲਈ ਜੂਝਣ ਵਾਲੇ ਹਰ ਇੱਕ ਨੂੰ ਲੰਬੇ ਸਮੇਂ ਲਈ ਨਜ਼ਰਬੰਦ ਰੱਖਣਾ; ਗੁੰਮਸ਼ੁਦਗੀਆਂ, ਜ਼ਲੀਲ ਕਰਨਾ, ਤੰਗ-ਪਰੇਸ਼ਾਨ ਕਰਨਾ; ਸੁਰੱਖਿਆ ਦਸਤਿਆਂ ਅਤੇ ਪੰਜਾਬ ਪੁਲਸ ਦੀ ਹਿਰਾਸਤ ਵਿੱਚ ਮਾਰ-ਮੁਕਾਉਣਾ -ਇਹ ਸਭ ਕੁਝ, ਸਿੱਖਾਂ ਲਈ ਪੰਜਾਬ ਅਤੇ ਭਾਰਤ ਵਿੱਚ ਨਿੱਤ ਦੀ ਹੋਣੀ ਬਣ ਗਿਆ ਸੀ।

ਨਵੰਬਰ 1984 ਦੇ ਪਹਿਲੇ ਤਿੰਨ ਦਿਨ ਤੇ ਚਾਰ ਕਾਲੀਆਂ ਰਾਤਾਂ ਉਹ ਸਮਾਂ ਸੀ ਜਦ 'ਦੁਨੀਆਂ ਦੇ ਸਭ ਤੋਂ ਵੱਡੇ ਜਮਹੂਰੀ ਮੁਲਕ' ਦੇ 117 ਸ਼ਹਿਰਾਂ ਅਤੇ ਕਸਬਿਆਂ ਵਿੱਚ ਸਿੱਖਾਂ ਨੂੰ ਜ਼ਿੰਦਾ ਜਲਾਇਆ ਗਿਆ, ਜ਼ਖ਼ਮੀ ਕੀਤਾ ਗਿਆ, ਔਰਤਾਂ ਨਾਲ ਬਦਸਲੂਕੀ ਕੀਤੀ ਗਈ, ਘਰ-ਬਾਰ ਲੁੱਟ ਕੇ ਰਾਖ ਕਰ ਦਿੱਤੇ ਗਏ। ਇਹ ਸਭ ਕੁਝ ਸਰਕਾਰੀ ਨਿਜ਼ਾਮ ਦੀ ਪੂਰੀ ਸ਼ਹਿ 'ਤੇ, ਵੱਡੇ ਲੀਡਰਾਂ ਦੇ ਹੁਕਮਾਂ ਨਾਲ, ਸਰਕਾਰੀ ਅਦਾਰਿਆਂ ਦੇ ਮਿਲਵਰਤਣ ਨਾਲ ਅਤੇ ਭਾਰਤ ਦੇ ਲੋਕਾਂ ਦੀ ਖਾਮੋਸ਼ ਰਜ਼ਾਮੰਦੀ ਨਾਲ ਹੋਇਆ। ਉਪਰੰਤ ਚੋਣਾਂ ਵਿੱਚ ਭਾਰਤ ਦੇ ਲੋਕਾਂ ਨੇ ਕਾਤਲਾਂ ਦੀ ਪਾਰਟੀ ਨੂੰ ਵੱਡੀ ਬਹੁਗਿਣਤੀ ਨਾਲ ਜਿਤਾ ਕੇ ਸਿੱਖਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਿਆ ਜੋ ਕਿ ਸਿੱਖ ਕਦੇ ਵੀ ਭੁਲਾ ਨਹੀਂ ਸਕਦੇ। ਕਿਸੇ ਇੱਕ ਵੀ ਵਿਅਕਤੀ ਨੂੰ ਉਸ ਵਹਿਸ਼ੀਆਨਾ ਜ਼ੁਲਮ ਲਈ ਕਸੂਰਵਾਰ ਠਹਿਰਾ ਕੇ ਸਜ਼ਾ ਨਹੀ ਦਿੱਤੀ ਗਈ ਭਾਵੇਂ ਕਿ ਸਰਕਾਰੀ ਅੰਕੜਿਆਂ ਮੁਤਾਬਕ 3325 ਜੀਅ ਮਾਰੇ ਗਏ, ਹਾਲਾਂਕਿ ਮਾਰੇ ਗਏ ਲੋਕਾਂ ਦੀ ਗ਼ੈਰ-ਸਰਕਾਰੀ ਗਿਣਤੀ 5000 ਤੋਂ ਵੱਧ ਦੱਸੀ ਜਾਂਦੀ ਹੈ। ਦਰਬਾਰ ਸਾਹਿਬ ਦੇ ਸ਼ਹੀਦਾਂ ਦੀ ਯਾਦਗਾਰ ਦੀ ਗੱਲ ਕਰਦਿਆਂ ਇੱਥੇ ਇਹ ਕਹਿਣਾ ਜ਼ਰੂਰੀ ਹੈ ਕਿ ਦਿੱਲੀ ਵਿਖੇ ਬੇਕਸੂਰ ਮਾਰੇ ਗਏ ਸਿੱਖਾਂ ਦੀ ਅਤੇ ਉਹਨਾਂ 'ਤੇ ਢਾਹੇ ਗਏ ਅਣਮਨੁੱਖੀ ਜ਼ੁਲਮ ਦੀ ਤਸਵੀਰ ਦਰਸਾਉਂਦੀ ਢੁਕਵੀਂ ਯਾਦਗਾਰ ਵੀ ਦਿੱਲੀ ਵਿਚ ਲਾਜ਼ਮੀ ਉਸਾਰੀ ਜਾਣੀ ਚਾਹੀਦੀ ਹੈ।

ਭਾਰਤੀ ਨਿਜ਼ਾਮ ਅਤੇ ਭਾਰਤੀ ਲੋਕਾਂ ਨੇ ਆਸਾਨੀ ਨਾਲ ਨਜ਼ਰ ਆਉਂਦੇ ਸਿੱਖਾਂ ਨੂੰ ਚੁਣ-ਚੁਣ ਕੇ ਜ਼ਲੀਲ ਕੀਤਾ। ਸਿੱਖਾਂ ਅਤੇ ਭਾਰਤ ਵਿੱਚ ਹੀ ਨਹੀ ਬਲਕਿ ਸਿੱਖਾਂ ਅਤੇ ਭਾਰਤੀਆਂ ਵਿੱਚ ਇੱਕ ਵੱਡਾ ਪਾੜਾ ਪੈਦਾ ਕੀਤਾ। 1985 ਦੇ ਪੰਜਾਬ ਸਮਝੌਤੇ -ਰਾਜੀਵ ਲੌਂਗੋਵਾਲ ਸਮਝੌਤਾ - ਜੋ ਕਿ ਭਾਰਤ ਅਤੇ ਸਿੱਖਾਂ ਦੇ ਦੋ ਵੱਡੇ ਲੀਡਰਾਂ ਵਿਚਾਲੇ ਸੀ, ਨੂੰ ਵੀ ਨਹੀਂ ਸਤਿਕਾਰਿਆ ਗਿਆ। ਜਮਹੂਰੀਅਤ ਪਸੰਦ ਦਸਤਾਵੇਜ਼ ਅਨੰਦਪੁਰ ਸਾਹਿਬ ਦੇ ਮਤੇ ਨੂੰ ਗ਼ਲਤ ਰੰਗਤ ਦਿੱਤੀ ਗਈ ਅਤੇ ਉਸ ਦੇ ਆਧਾਰ 'ਤੇ ਭਾਰਤ ਭਰ ਵਿੱਚ ਸਿੱਖਾਂ ਨੂੰ ਬਦਨਾਮ ਕੀਤਾ ਗਿਆ।

ਸੰਸਾਰ ਭਰ ਵਿੱਚ ਧਾਰਮਕ ਰੁਚੀ ਰੱਖਣ ਵਾਲੇ ਹਰ ਤਰ੍ਹਾਂ ਦੇ ਸਿੱਖਾਂ ਨੇ ਚਾਹੇ ਉਹ ਧਾਰਮਕ ਤੌਰ 'ਤੇ ਪਰਪੱਕ ਸਨ ਜਾਂ ਨਹੀਂ - ਸਾਕਾ ਦਰਬਾਰ ਸਾਹਿਬ ਦੇ ਹਮਲੇ ਦੇ ਜੁਆਬ ਵਿੱਚ ਸਿੱਖ ਡਿਪਲੋਮਸੀ ਦਾ ਇੱਕ ਅਜਿਹਾ ਦੌਰ ਸ਼ੁਰੂ ਕੀਤਾ ਜਿਸ ਤਹਿਤ ਉਨ੍ਹਾਂ ਨੇ ਆਪਣੇ-ਆਪਣੇ ਮੁਲਕਾਂ ਦੇ ਪਾਰਲੀਮਾਨੀ ਮੈਂਬਰਾਂ ਨੂੰ, ਚੋਣਵੇ ਅਦਾਰਿਆਂ ਨਾਲ ਰਾਬਤਾ ਕਾਇਮ ਕਰ ਕੇ, ਪੰਜਾਬ ਵਿੱਚ ਤੇ ਹਿੰਦੁਸਤਾਨ ਵਿੱਚ ਸਿੱਖਾਂ ਦੀ ਹੋ ਰਹੀ ਨਸਲਕੁਸ਼ੀ ਦੇ ਢੰਗ-ਤਰੀਕਿਆਂ ਦੀ ਜਾਣਕਾਰੀ ਦਿੱਤੀ ਅਤੇ ਕੌਮਾਂਤਰੀ ਭਾਈਚਾਰੇ ਤੋਂ ਦਖ਼ਲਅੰਦਾਜ਼ੀ ਦੀ ਮੰਗ ਕੀਤੀ।

ਜੂਨ 1984 ਤੋਂ ਬਾਅਦ, ਅਸਾਨੀ ਨਾਲ ਹਾਰ ਨਾ ਮੰਨਣ ਵਾਲੇ ਸਿੱਖ ਨੌਜਵਾਨ ਯੋਧਿਆਂ ਨੇ ਸਰਕਾਰੀ ਅੱਤਵਾਦ ਤੋਂ ਆਪਣੀ ਹੋਂਦ ਅਤੇ ਹਸਤੀ ਮਹਿਫ਼ੂਜ਼ ਰੱਖਣ ਲਈ, ਸਵੈ-ਰੱਖਿਆ ਖ਼ਾਤਰ, ਪੁਲਿਸ, ਨੀਮ ਫ਼ੌਜੀ ਦਸਤਿਆਂ ਅਤੇ ਫ਼ੌਜ ਦਾ ਸਿੱਖੀ ਅਸੂਲਾਂ ਅਨੁਸਾਰ ਟਾਕਰਾ ਕੀਤਾ ਤੇ ਭਾਰਤ ਦੀ ਈਨ ਮੰਨਣ ਤੋਂ ਇਨਕਾਰ ਕਰ ਦਿੱਤਾ। ਸਿੱਖ ਨੌਜਵਾਨ ਯੋਧਿਆਂ ਨੇ ਮਾਣਮੱਤੇ ਇਤਿਹਾਸ ਨੂੰ ਦੁਹਰਾਉਂਦੇ ਹੋਏ, ਸਾਕਾ ਦਰਬਾਰ ਸਾਹਿਬ ਦੌਰਾਨ ਸ਼ਹੀਦ ਹੋਏ ਸਿੰਘ-ਸਿੰਘਣੀਆਂ ਵਾਂਗ ਸ਼ਹਾਦਤ ਪਾ ਕੇ ਸਿੱਖ ਇਤਿਹਾਸ ਨੂੰ ਮੁੜ ਜੀਵਤ ਕਰ ਦਿੱਤਾ ਸੀ।



ਦਰਬਾਰ ਸਾਹਿਬ ਦੇ ਹਮਲੇ ਤੋਂ ਬਾਅਦ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦੀਆਂ ਹੋਈਆਂ।

ਸਾਕਾ ਦਰਬਾਰ ਸਾਹਿਬ 1984 ਦੇ ਜਵਾਬ ਵਿੱਚ ਭਾਰਤੀ ਫ਼ੌਜ ਵਿਚਲੇ ਸਿੱਖ ਫ਼ੌਜੀਆਂ ਦੇ ਇੱਕ ਅਣਖੀਲੇ ਹਿੱਸੇ ਨੇ ਬਗ਼ਾਵਤ ਕਰ ਕੇ ਸਿੱਖ ਇਤਿਹਾਸ ਵਿੱਚ ਇੱਕ ਮਾਣ-ਮੱਤਾ ਕਾਂਡ ਜੋੜਿਆ ਜਿਸ ਦਾ ਹਾਲੇ ਵੀ ਇਤਿਹਾਸਕਾਰਾਂ ਅਤੇ ਲਿਖਾਰੀਆਂ ਨੇ ਪੂਰੀ ਤਰ੍ਹਾਂ ਮੁਲਾਂਕਣ ਨਹੀਂ ਕੀਤਾ ਹੈ ਪਰ ਸਿੱਖ ਕੌਮ ਨੇ ਉਨ੍ਹਾਂ ਦੀ ਹਿੰਮਤ ਅਤੇ ਦਲੇਰੀ ਦਾ ਮਾਣ ਕਰਦੇ ਹੋਏ ਉਨ੍ਹਾਂ ਨੂੰ "ਧਰਮੀ ਫ਼ੌਜੀ" ਦੇ ਲਕਬ ਨਾਲ ਨਿਵਾਜਿਆ।

ਇਸ ਜੰਗ ਦੇ ਡੇਢ ਦਹਾਕੇ ਤੋਂ ਬਾਅਦ ਵੀ, ਕੁਝ ਇਨਕਲਾਬੀ ਪਾਰਟੀਆਂ ਅਤੇ ਸ਼ਖ਼ਸੀਅਤਾਂ ਨੇ ਜਮਹੂਰੀਅਤ ਪਸੰਦ ਤਰੀਕੇ ਨਾਲ ਸਿੱਖੀ ਜਜ਼ਬੇ ਨੂੰ ਕਾਇਮ ਰੱਖਿਆ; ਭਾਰਤ ਸਰਕਾਰ ਅਤੇ ਪੰਜਾਬ ਦੀ ਸਿਆਸਤ 'ਤੇ ਕਾਬਜ਼ ਸਿੱਖ ਆਗੂਆਂ ਦੇ ਰੋਲ ਦਾ ਪਰਦਾਫ਼ਾਸ਼ ਕੀਤਾ ਅਤੇ ਉਹ ਸਿੱਖਾਂ ਦੇ ਧਾਰਮਕ, ਆਰਥਕ, ਸਭਿਆਚਾਰਕ ਅਤੇ ਸਮਾਜੀ ਹੱਕਾਂ ਲਈ ਜੂਝਦੀਆਂ ਆ ਰਹੀਆਂ ਹਨ।

ਭਾਰਤੀ ਫ਼ੌਜ, ਨੀਮ ਫ਼ੌਜੀ ਦਸਤੇ ਅਤੇ ਪੰਜਾਬ ਪੁਲਿਸ ਦੇ ਜ਼ਾਲਮਾਨਾ ਅਤੇ ਜਾਨ-ਲੇਵਾ ਰਵੱਈਏ ਕਾਰਣ ਪੰਜਾਬ ਵਿੱਚ ਸ਼ਹੀਦਾਂ ਦੀ ਯਾਦਗਾਰ ਮੁਤੱਲਕ ਕੋਈ ਲਗਾਤਾਰ ਮੁਹਿੰਮ ਚਲਾਉਣੀ ਕਾਫੀ ਔਖਾ ਜਿਹਾ ਕੰਮ ਸੀ ਕਿਉਂਕਿ ਇਸ ਖਿੱਤੇ ਵਿੱਚ ਕਾਲੇ ਕਾਨੂੰਨਾਂ ਦਾ ਰਾਜ ਸੀ। ਟਾਡਾ, ਭਾਰਤੀ ਸੰਵਿਧਾਨ ਦੀ ਉਨਾਹਠਵੀਂ ਤਰਮੀਮ, ਤਹਿਤ 'ਜੀਊਣ ਦਾ ਹੱਕ' ਵੀ ਖੋਹ ਲਿਆ ਗਿਆ ਸੀ ਅਤੇ ਪੰਜਾਬ ਨੂੰ ਗੜਬੜ ਵਾਲਾ ਇਲਾਕਾ ਕਰਾਰ ਦੇ ਕੇ ਸੁਰੱਖਿਆ ਦਸਤਿਆਂ ਨੂੰ ਅੰਨ੍ਹੇ ਕਾਨੂੰਨਾਂ ਤਹਿਤ ਅਸੀਮ ਅਖ਼ਤਿਆਰ ਦਿੱਤੇ ਗਏ ਸਨ ਜਿਸ ਕਾਰਣ ਵੱਡੀ ਗਿਣਤੀ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਪੰਜਾਬ ਵਾਸੀਆਂ ਨੂੰ ਪੰਜਾਬ ਛੱਡ ਕੇ ਜਾਣਾ ਪਿਆ। 1984 ਤੋਂ ਬਾਅਦ ਭਾਰੀ ਗਿਣਤੀ ਵਿੱਚ ਲੋਕ ਪੰਜਾਬ ਛੱਡਣ ਨੂੰ ਮਜਬੂਰ ਹੋ ਗਏ ਸਨ ਕਿਉਂਕਿ ਸਿੱਖ ਆਜ਼ਾਦ ਮਾਹੌਲ ਵਿੱਚ ਜਿਊਣਾ ਪਸੰਦ ਕਰਦੇ ਹਨ, ਉਹ ਦੁਬੇਲ ਬਣ ਕੇ ਨਹੀਂ ਰਹਿ ਸਕਦੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਿਨ੍ਹਾਂ ਕੌਮਾਂ ਦਾ ਦਮਨ ਕੀਤਾ ਜਾਂਦਾ ਹੈ ਉਸ ਕੌਮ ਦੇ ਲੋਕ ਸੁਰੱਖਿਅਤ ਥਾਂਵਾਂ ਵੱਲ ਹਿਜਰਤ ਕਰਦੇ ਹਨ।

ਇਸ ਦੇ ਬਾਵਜੂਦ, ਪੰਜਾਬ ਅਤੇ ਪੰਜਾਬ ਤੋਂ ਬਾਹਰ ਵੱਸਦੇ ਸਿੱਖਾਂ ਨੇ ਭਾਰਤ-ਸਿੱਖ ਜੰਗ ਵਿੱਚ ਦਰਬਾਰ ਸਾਹਿਬ ਸਮੂਹ ਵਿੱਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਨੂੰ ਆਪਣੇ ਦਿਲਾਂ ਵਿੱਚ ਜਿਊਂਦਾ ਰੱਖਿਆ ਅਤੇ ਯਾਦਗਾਰ ਦੀ ਉਸਾਰੀ ਹਿਤ ਯਤਨ ਵੀ ਜਾਰੀ ਰੱਖੇ। ਹਿੰਦੁਸਤਾਨ ਤੋਂ ਬਾਹਰ ਵਸਦੇ ਸਿੱਖਾਂ ਨੇ ਕਈ ਨਿਵੇਕਲੇ ਕਾਰਜ ਕਰਦੇ ਹੋਏ ਗੁਰੂ ਘਰਾਂ ਵਿੱਚ ਸ਼ਹੀਦਾਂ ਦੀਆਂ ਤਸਵੀਰਾਂ ਲਗਾਈਆਂ, ਰੋਸ ਮਾਰਚ ਕੱਢੇ, ਰੋਸ ਧਰਨੇ ਦਿੱਤੇ ਅਤੇ ਆਪਣੀਆਂ ਸਰਕਾਰਾਂ ਅਤੇ ਨੁਮਾਇੰਦਿਆਂ ਤੱਕ ਪਹੁੰਚ ਕਰਕੇ ਭਾਰਤ ਸਰਕਾਰ ਦੇ ਝੂਠ ਅਤੇ ਪ੍ਰਾਪੇਗੰਡੇ ਦਾ ਪਰਦਾਫਾਸ਼ ਕੀਤਾ। ਕਈ ਸਿੰਘਾਂ, ਪਰਿਵਾਰਾਂ ਅਤੇ ਜਥੇਬੰਦੀਆਂ ਨੇ ਜੁਝਾਰੂ ਯੋਧਿਆਂ ਦਾ ਡਟ ਕੇ ਸਾਥ ਦਿੱਤਾ।

ਸੁਰੱਖਿਆ ਦਸਤਿਆਂ ਦੀ ਦਹਿਸ਼ਤ ਦੇ ਬਾਵਜੂਦ, ਬੰਬਾਰੀ ਨਾਲ ਤਬਾਹ ਹੋਏ ਅਕਾਲ ਤਖ਼ਤ ਸਾਹਿਬ ਦੀਆਂ ਤਸਵੀਰਾਂ ਪੰਜਾਬ ਵਿੱਚ ਆਮ ਹੋ ਗਈਆਂ। ਗੁਰਦੁਆਰਿਆਂ ਤੋਂ ਲੈ ਕੇ ਲੋਕਾਂ ਦੇ ਘਰਾਂ ਵਿੱਚ, ਰਸਾਲਿਆਂ ਤੋਂ ਕਿਤਾਬਾਂ ਤੱਕ, ਸਿੱਖਾਂ ਨੇ ਉਸ ਤਸਵੀਰ ਨੂੰ ਦੇਖਣਾ ਤੇ ਦ੍ਰਿੜ੍ਹਤਾ ਨਾਲ ਪ੍ਰਣ ਕਰਨਾ ਕਿ "1984 ਨਹੀਂ ਭੁੱਲਾਂਗੇ"। ਜੂਨ 1984 ਤੋਂ ਬਾਅਦ ਇੱਕ ਵੇਲਾ ਅਜਿਹਾ ਵੀ ਸੀ ਜਦੋਂ ਸਾਡੀ ਨਿੱਜੀ ਅਤੇ ਸੰਗਤੀ ਅਰਦਾਸ ਵਿੱਚ "ਵਰਤਮਾਨ ਅਤੇ ਇਤਿਹਾਸਕ ਸ਼ਹੀਦਾਂ" ਨੂੰ ਧਿਆਇਆ ਜਾਂਦਾ ਰਿਹਾ। ਕਈ ਹਿਰਦਿਆਂ ਵਿੱਚ ਇਹ ਅੱਜ



ਵੀ ਹੁੰਦਾ ਹੈ।

ਜੂਨ 1984 ਦੇ ਸ਼ਹੀਦਾਂ ਦੀ ਯਾਦਗਾਰ ਦੀ ਲੋੜ ਅਤੇ ਬਣਤਰ ਦਾ ਮਸਲਾ ਇਸ ਲਈ ਵੀ ਧੁੰਦਲਾ ਹੋਇਆ ਰਿਹਾ ਕਿਉਂਕਿ ਉਸ ਵੇਲੇ ਦੇ ਦਮਦਮੀ ਟਕਸਾਲ ਦੇ ਮੁਖੀ ਅਤੇ ਇਸ ਜੰਗ ਦੇ ਨਾਇਕ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੂੰ ਕੌਮੀ ਤੌਰ 'ਤੇ ਸ਼ਹੀਦ ਨਹੀਂ ਸੀ ਐਲਾਨਿਆ ਗਿਆ।

ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਰੋਲ, ਦੇਣ ਅਤੇ ਬਹਾਦਰੀ, ਭਾਰਤੀ ਨਿਜ਼ਾਮ ਅਤੇ ਖ਼ੁਦ ਸਿੱਖਾਂ ਨੂੰ ਹੈਰਾਨ ਕਰਦਾ ਰਿਹਾ। ਕੌਮ ਦੇ ਇੱਕ ਹਿੱਸੇ ਨੇ ਸਰਕਾਰ ਦੇ ਦਮਨ ਦੇ ਦੌਰ ਦੇ ਬਾਵਜੂਦ, ਉਨ੍ਹਾਂ ਦੀ ਅਤੇ ਸਾਕਾ ਦਰਬਾਰ ਸਾਹਿਬ 1984 ਦੀ ਯਾਦ ਨੂੰ ਸੰਕੇਤਕ ਤਰੀਕਿਆਂ ਜਿਵੇਂ ਕਿ ਉਨ੍ਹਾਂ ਦਾ ਜਨਮ ਦਿਨ ਮਨਾਉਣ, ਮੋਟਰਾਂ-ਗੱਡੀਆਂ 'ਤੇ ਉਨ੍ਹਾਂ ਦੀਆਂ ਤਸਵੀਰਾਂ ਲਾਉਣ, ਬੰਬਾਰੀ ਨਾਲ ਤਬਾਹ ਕੀਤੇ ਅਕਾਲ ਤਖ਼ਤ ਸਾਹਿਬ ਅਤੇ ਸੰਤ ਜਰਨੈਲ ਸਿੰਘ ਦੀਆਂ ਤਸਵੀਰਾਂ ਕੈਲੰਡਰਾਂ ਅਤੇ ਟੀ. ਸ਼ਰਟਾਂ 'ਤੇ ਛਪਵਾਉਣ, ਉਨ੍ਹਾਂ ਦੀਆਂ ਦਰਬਾਰ ਸਾਹਿਬ 'ਤੇ ਹਮਲੇ ਤੋਂ ਪਹਿਲਾਂ ਦੀਆਂ ਆਡੀਓ ਕੈਸਿਟਾਂ ਅਤੇ ਸੀ. ਡੀਆਂ ਤਿਆਰ ਕਰਨ ਤੇ ਵੰਡਣ, ਦਰਬਾਰ ਸਾਹਿਬ ਵਿੱਚ ਸ਼ਹੀਦ ਹੋਏ ਸ਼ਹੀਦਾਂ ਦੀ ਸੂਚੀ ਛਾਪਣ ਅਤੇ ਰਸਾਲਿਆਂ ਵਿੱਚ ਲੇਖ ਛਪਵਾਉਣ ਅਤੇ ਪੰਜਾਬੀ ਜ਼ੁਬਾਨ ਵਿੱਚ ਕਿਤਾਬਾਂ ਲਿਖਣ ਰਾਹੀਂ ਲਗਾਤਾਰ ਜਾਰੀ ਰੱਖਿਆ।



# ਬਾਬਾ ਦੀਪ ਸਿੰਘ ਤੋਂ ਸੰਤ ਜਰਨੈਲ ਸਿੰਘ ਤੱਕ ਦਾ ਇਤਿਹਾਸਕ ਸਫ਼ਰ



ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਨੇ ਗੁਰੂ-ਦਰਬਾਰ ਦੀ ਰੱਖਿਆ ਕਰਦਿਆਂ ਸ਼ਹੀਦ ਹੋਣ ਵਾਲਿਆਂ ਦੀ ਯਾਦ ਵਿੱਚ ਯਾਦਗਾਰਾਂ ਦੀ ਉਸਾਰੀ ਦੇ ਵਿਸ਼ੇ 'ਤੇ ਸਿੱਖ ਪ੍ਰੰਪਰਾ ਨੂੰ ਸਮਝਣ ਦਾ ਯਤਨ ਕੀਤਾ ਹੈ।

ਇਸ ਸਬੰਧੀ ਤਿੰਨ ਉੱਘੀਆਂ ਮਿਸਾਲਾਂ ਹਨ -ਬਾਬਾ ਦੀਪ ਸਿੰਘ, ਭਾਈ ਗੁਰਬਖ਼ਸ਼ ਸਿੰਘ ਨਿਹੰਗ ਅਤੇ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਦੀਆਂ। ਇਹਨਾਂ ਵਿੱਚੋਂ ਦੋ ਵਾਕਿਆਂ ਨੇ ਭਾਈ ਮਹਿਤਾਬ ਸਿੰਘ ਦੇ ਪੋਤੇ ਅਤੇ ਪ੍ਰਾਚੀਨ ਪੰਥ ਪ੍ਰਕਾਸ਼ ਦੇ ਰਚੈਤਾ ਰਤਨ ਸਿੰਘ ਭੰਗੂ ਦਾ ਚੋਖਾ ਧਿਆਨ ਖਿੱਚਿਆ ਹੈ। ਭਾਈ ਗੁਰਬਖ਼ਸ਼ ਸਿੰਘ ਦੀ ਅਹਿਮਦ ਸ਼ਾਹ ਅਬਦਾਲੀ ਨਾਲ ਜੰਗ ਦਾ ਅੱਖੀਂ ਡਿੱਠਾ ਵੇਰਵਾ ਪ੍ਰਸਿੱਧ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਵੱਲੋਂ ਸੰਭਾਲਿਆ ਹੋਇਆ ਹੈ। ਬਾਬਾ ਦੀਪ ਸਿੰਘ ਦੀ ਬਾਕਮਾਲ ਘਾਲਣਾ ਦਾ ਜ਼ਿਕਰ ਪੁਰਾਤਨ ਯੂਰਪੀਅਨ ਯਾਤਰੂਆਂ ਦੀਆਂ ਲਿਖਤਾਂ ਸਮੇਤ ਅਨੇਕਾਂ ਦਸਤਾਵੇਜ਼ਾਂ ਵਿੱਚ ਮਿਲਦਾ ਹੈ ਪਰ ਜ਼ਿਆਦਾ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਯਾਦ ਅੱਜ ਤੱਕ ਸਜੀਵ ਹੈ। ਦੇਹੁਰਾ ਬਾਬਾ ਦੀਪ ਸਿੰਘ ਪਰਿਕਰਮਾ ਦੀ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਵਾਲੀ ਬਾਹੀ ਵੱਲ ਉੱਘੜਵੇਂ ਰੂਪ 'ਚ ਸਥਿਤ ਹੈ।

ਭਾਈ ਗੁਰਬਖ਼ਸ਼ ਸਿੰਘ ਨਿਹੰਗ ਨਾਲ ਮੁੱਠੀ ਭਰ ਸਾਥੀ ਸਨ। ਏਨੀਂ ਕੁ ਸ਼ਕਤੀ ਨਾਲ ਉਨ੍ਹਾਂ ਨੇ ਧਾੜਵੀ ਅਹਿਮਦ ਸ਼ਾਹ ਅਬਦਾਲੀ ਦੀ ਸਾਰੀ ਫ਼ੌਜ ਨਾਲ ਟੱਕਰ ਲਈ ਅਤੇ ਉਹ ਸਾਰੇ ਜੂਝਦੇ ਹੋਏ ਐਨ ਦਰਸ਼ਨੀ ਡਿਓਢੀ ਮੂਹਰੇ ਸ਼ਹੀਦ ਹੋਏ। ਹਾਲਾਤ ਮੁਕੰਮਲ ਤੌਰ 'ਤੇ ਉਹਨਾਂ ਦੇ ਵਿਰੁੱਧ ਸਨ ਅਤੇ ਮੌਤ ਯਕੀਨੀ ਸੀ। ਇਹਨਾਂ ਅਸਾਧਾਰਨ ਤੀਹ ਯੋਧਿਆਂ ਨੇ ਫ਼ਿਰ ਵੀ ਬਦਨੀਤ ਧਾੜਵੀ ਲਈ ਮੈਦਾਨ ਖੁੱਲ੍ਹਾ ਛੱਡਣ ਦੀ ਬਜਾਏ ਸੰਕੇਤਕ ਟੱਕਰ ਦੇਣ ਨੂੰ ਤਰਜੀਹ ਦਿੱਤੀ। ਦਰਅਸਲ ਗੁਰਬਖ਼ਸ਼ ਸਿੰਘ ਨੇ ਤਾਂ ਬਿਲਕੁਲ ਡਿਓਢੀ ਦੀ ਦਹਿਲੀਜ਼ ਉੱਤੇ ਸਰੀਰ ਤਿਆਗਿਆ ਸੀ। ਉਹਨਾਂ ਦੇ ਨਾਂ 'ਤੇ ਬਣੀ ਉਹਨਾਂ ਦੀ ਯਾਦਗਾਰ ਨੂੰ ਦੇਹੁਰਾ ਬਾਬਾ ਗੁਰਬਖ਼ਸ਼ ਸਿੰਘ ਕਿਹਾ ਜਾਂਦਾ ਹੈ ਅਤੇ ਇਹ ਅਕਾਲ ਤਖ਼ਤ ਦੇ ਪਿਛਵਾੜੇ ਸਥਿਤ ਹੈ।

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਪੰਜਾਬ, ਜੰਮੂ-ਕਸ਼ਮੀਰ ਸਮੇਤ ਇਹ ਇਲਾਕਾ ਇਸ ਯਾਦਗਾਰੀ ਜੰਗ ਤੋਂ ਪਹਿਲਾਂ ਦੋ ਦਹਾਕੇ ਅਫ਼ਗਾਨੀ ਸਲਤਨਤ ਦਾ ਹਿੱਸਾ ਰਿਹਾ ਸੀ। ਅਬਦਾਲੀ ਇਸ ਧਰਤੀ ਉੱਤੇ ਆਪਣਾ ਹੱਕ ਜਤਾਉਣਾ ਚਾਹੁੰਦਾ ਸੀ, ਜਿਸ ਦਾ ਕਿ ਉਹ ਕਾਨੂੰਨੀ ਤੌਰ 'ਤੇ ਮਾਲਕ ਸੀ। ਭਾਈ ਗੁਰਬਖ਼ਸ਼ ਸਿੰਘ ਵਧੇਰੇ ਚੰਗੇਰੇ ਵਿਚਾਰਾਂ ਤੋਂ ਪ੍ਰੇਰਿਤ ਸੀ। ਗੁਰੂ ਦਾ ਦਰਬਾਰ ਇੱਕ ਰੂਹਾਨੀ ਕ੍ਰਿਤ ਹੈ ਅਤੇ ਅਕਾਲ ਪੁਰਖ ਦੀ ਮਰਜ਼ੀ ਅਨੁਸਾਰ ਗੁਰੂ ਵੱਲੋਂ ਆਰੰਭੀ ਨਵੀਂ ਵਿਸ਼ਵ-ਵਿਆਪੀ ਸੱਭਿਅਤਾ ਦਾ ਧੁਰਾ ਹੈ। ਜਿਹੜਾ ਸਾਂਝਾ ਵਿਸ਼ਵ ਸੱਭਿਆਚਾਰ ਇਹ ਉਪਜਾਉਣਾ ਲੋਚਦੀ ਹੈ ਉਹ ਮੋਟੇ ਰੂਪ 'ਚ ਹਰ ਓਸ ਸੱਭਿਆਚਾਰ ਦੇ ਬਿਹਤਰੀਨ ਪੱਖਾਂ ਦਾ ਮਿਸ਼ਰਣ ਹੋਵੇਗਾ ਜਿਹੜਾ ਕਿ ਕੋਈ ਯੋਗਦਾਨ ਪਾਉਣ ਦੇ ਕਾਬਲ ਹੋਵੇ।

ਇਸ ਦਾ ਮੰਤਵ ਸਭ ਮਨੁੱਖੀ ਸਮੂਹਾਂ ਦਾ ਕਲਿਆਣ ਕਰਨਾ ਹੈ ਅਤੇ ਇਸ ਨੂੰ ਸਭ ਦੀ ਸ਼ਮੂਲੀਅਤ ਵਾਲੇ ਨਵੇਂ ਸ਼ਾਂਤਮਈ ਸੱਭਿਆਚਾਰਕ ਇਨਕਲਾਬ, ਜੋ ਸੰਸਾਰ ਦੇ ਵੱਡੇ ਹਿੱਸੇ ਨੂੰ ਪ੍ਰਵਾਨ ਹੋ ਸਕੇ, ਦਾ ਹਰਕਾਰਾ ਐਲਾਨਿਆ ਗਿਆ ਹੈ। ਗੁਰੂ ਵੱਲੋਂ ਵਰੋਸਾਇਆ ਸੱਭਿਆਚਾਰ ਇੱਕ ਵਿਹਾਰਕ ਬਦਲ ਨੂੰ ਪੇਸ਼ ਅਤੇ ਪ੍ਰਫੁੱਲਤ ਕਰ ਸਕਦਾ ਹੈ। ਇਹ ਮਨੁੱਖੀ ਮਸਲਿਆਂ ਲਈ ਮਾਰਗ-ਦਰਸ਼ਕ ਹੋ ਸਕਦਾ ਹੈ ਅਤੇ ਮਨੁੱਖਤਾ ਦੇ ਓਟ-ਆਸਰੇ ਵਜੋਂ ਪਰਗਟ ਹੋ ਸਕਦਾ ਹੈ ਬਸ਼ਰਤੇ ਕਿ ਇਸ ਨੂੰ ਆਪਣੇ ਸੱਭਿਆਚਾਰਕ ਆਧਾਰ ਨੂੰ ਬੇਰੋਕ

ਵਧਣ-ਫੁੱਲਣ ਦਿੱਤਾ ਜਾਵੇ। ਇਸ ਲਈ ਜ਼ਰੂਰੀ ਹੈ ਕਿ ਸਿੱਖਾਂ ਨੂੰ ਅਤੇ ਗੁਰੂ-ਉਪਦੇਸ਼ਾਂ ਵਿੱਚ ਯਕੀਨ ਰੱਖਣ ਵਾਲੇ ਸਾਰਿਆਂ ਨੂੰ ਇਸ ਵਿਲੱਖਣ ਸੱਭਿਆਚਾਰਕ ਕੇਂਦਰ ਵਿਖੇ ਬਿਨਾ ਰੋਕ-ਟੋਕ ਇਕੱਤਰ ਹੋਣ ਦਿੱਤਾ ਜਾਵੇ।

ਅਜੋਕੇ ਸਮੇਂ ਵਿੱਚ ਇਕੱਤਰ ਹੋਣ, ਗੁਰੂ-ਜਸ ਗਾਇਨ ਕਰਨ ਅਤੇ ਵਿਚਾਰਾਂ ਨੂੰ ਪ੍ਰਚਾਰਨ ਦਾ ਅਧਿਕਾਰ ਹਰ ਸਮਾਜ ਵਿੱਚ ਬੁਨਿਆਦੀ ਅਧਿਕਾਰ ਹੈ। ਇਸ ਦੀ ਪ੍ਰੋੜ੍ਹਤਾ ਵੱਖ-ਵੱਖ ਫ਼ਲਸਫ਼ਾਈ ਖੋਜਾਂ, ਸੰਯੁਕਤ ਰਾਸ਼ਟਰ ਅਤੇ ਸਭ ਰਾਸ਼ਟਰਾਂ ਨੂੰ ਪ੍ਰਵਾਨ ਉਸ ਦੀਆਂ ਅਨੇਕਾਂ ਸੰਸਥਾਵਾਂ ਵੱਲੋਂ ਅਪਣਾਏ ਕਾਨੂੰਨਾਂ ਅਤੇ ਅਨੇਕਾਂ ਅਹਿਦਨਾਮਿਆਂ ਦੁਆਰਾ ਕੀਤੀ ਗਈ ਹੈ।

ਮਨੁੱਖੀ ਅਧਿਕਾਰਾਂ ਦੀ ਲਹਿਰ, ਜਿਸ ਨੇ ਕੁਝ ਸਦੀਆਂ ਮਗਰੋਂ ਪੂਰੇ ਸੰਸਾਰ ਉੱਤੇ ਛਾਉਣਾ ਸੀ, ਦੇ ਅਗਰਦੂਤਾਂ ਵਜੋਂ ਸਿੱਖਾਂ ਦਾ ਵਿਸ਼ਵਾਸ ਸੀ ਕਿ ਉਹਨਾਂ ਦੀ ਬੁਨਿਆਦੀ ਵਫ਼ਾਦਾਰੀ ਕੇਵਲ ਅਕਾਲ ਪੁਰਖ ਅਤੇ ਅੰਤਰ-ਆਤਮਾ (ਜ਼ਮੀਰ) ਪ੍ਰਤੀ ਹੈ। ਇਸ ਲਈ ਉਹਨਾਂ ਨੇ ਨਿਰੋਲ ਲੋਕ-ਰਾਜੀ ਭਾਵਨਾ ਤਹਿਤ ਕਦੇ ਵੀ ਸਮੁੱਚੀ ਰਚਨਾ ਦੇ ਮਾਲਕ ਅਕਾਲ ਪੁਰਖ ਤੋਂ ਇਲਾਵਾ ਕਿਸੇ ਹੋਰ ਨੂੰ ਕਦੇ ਸਰਵਉੱਚ-ਸੁਆਮੀ ਪ੍ਰਵਾਨ ਨਹੀਂ ਕੀਤਾ।

ਉਹ ਨਹੀਂ ਸਨ ਮੰਨਦੇ ਕਿ ਮੁਗ਼ਲ ਅਹਿਮਦ ਸ਼ਾਹ, ਜਿਸ ਕੋਲ ਪੰਜਾਬ ਦੀ ਸਪੁਰਦਦਾਰੀ ਸੀ, ਦਾ ਇਸ 'ਤੇ ਕੋਈ ਵਿਸ਼ੇਸ਼ ਅਧਿਕਾਰ ਸੀ। ਇਵੇਂ ਹੀ ਅਫ਼ਗਾਨੀ ਲਾਭ-ਪਾਤਰ ਅਹਿਮਦ ਸ਼ਾਹ ਨੂੰ ਇਸ ਖਿੱਤੇ ਦੇ ਮੂਲ ਵਸਨੀਕ ਪੰਜਾਬ ਦੇ ਖ਼ੁਦਮੁਖ਼ਤਿਆਰ ਲੋਕਾਂ ਉੱਤੇ ਕੋਈ ਵਿਸ਼ੇਸ਼ ਅਧਿਕਾਰ ਨਹੀਂ ਸੀ। ਕਾਬਜ਼ ਹੋਏ ਬਸਤੀਵਾਦੀ ਅੰਗ੍ਰੇਜ਼ਾਂ ਦੇ ਰਾਜ ਦੌਰਾਨ ਵੀ ਸਥਿਤੀ ਦੀ ਅੰਤਰੀਵ ਧਾਰਨਾ ਇਹੋ ਹੀ ਰਹੀ। ਇਹ ਅੱਜ ਦੇ ਗਿਆਨ ਦੇ ਯੁੱਗ ਵਿੱਚ ਹੋਰ ਵੀ ਜਾਇਜ਼ ਹੈ ਜਿਸ ਵਿੱਚ ਮਨੁੱਖੀ ਗੌਰਵ ਦੀ ਪ੍ਰਾਥਮਕਤਾ, ਕਾਨੂੰਨ ਦੇ ਰਾਜ ਅਤੇ ਸੱਭਿਆਚਾਰ, ਸਮਾਜ, ਜਾਤ-ਪਾਤ ਜਾਂ ਨਸਲ ਆਧਾਰਤ ਵਿਤਕਰੇ ਤੋਂ ਰਹਿਤ ਮਨੁੱਖੀ ਹੱਕਾਂ ਨੂੰ ਮਾਨਤਾ ਪ੍ਰਾਪਤ ਹੈ।

ਹਿੰਦੁਸਤਾਨ ਵਿੱਚ ਲੋਕਾਂ ਉੱਤੇ "ਅਸੀਂ ਲੋਕਾਂ" ਵੱਲੋਂ ਅਪਣਾਇਆ ਗਿਆ ਸੰਵਿਧਾਨ ਰਾਜ ਕਰਦਾ ਹੈ ਅਤੇ ਕੁਝ ਅਨਿੱਖੜ ਹੱਕਾਂ ਨੂੰ ਯਕੀਨੀ ਬਣਾਉਂਦਾ ਹੈ। ਇਹਨਾਂ ਹੱਕਾਂ ਦਾ ਇੰਦਰਾ ਗਾਂਧੀ ਦੀ ਜ਼ਾਲਮ ਸਰਕਾਰ ਵੱਲੋਂ ਉਲੰਘਣ ਕੀਤਾ ਗਿਆ ਜਿਸ ਨੇ ਸੰਵਿਧਾਨ ਨੂੰ ਛਿੱਕੇ ਟੰਗ ਦਿੱਤਾ ਅਤੇ ਦੇਸ਼ ਵਿੱਚ ਐਮਰਜੈਂਸੀ ਲਾਗੂ ਕਰ ਦਿੱਤੀ ਅਤੇ ਇਉਂ ਲੋਕਾਂ ਦੀ ਮਰਜ਼ੀ ਨਾਲ ਸਥਾਪਤ ਲੋਕ-ਰਾਜੀ ਵਿਵਸਥਾ ਵਿੱਚ ਜਾਬਰ ਅਤੇ ਅਸੰਗਤ ਬਣ ਕੇ ਰਹਿ ਗਈ। ਸਿੱਖਾਂ ਨੇ ਸ਼੍ਰੋਮਣੀ ਅਕਾਲੀ ਦਲ਼ (ਜਿਸ ਨੂੰ ਅੱਜ ਏਸ ਦੇ ਜਥੇਬੰਦਕ ਢਾਂਚੇ ਦੀ ਸ਼ਕਤੀ ਹੜੱਪਣ ਵਾਲਿਆਂ ਨੇ 'ਪੰਜਾਬੀ ਪਾਰਟੀ' ਵਿੱਚ ਤਬਦੀਲ ਕਰ ਕੇ ਤਬਾਹ ਕਰ ਦਿੱਤਾ ਹੈ) ਅਤੇ ਸੰਤ ਕਰਤਾਰ ਸਿੰਘ ਦੀ ਅਗਵਾਈ ਵਿੱਚ ਇੰਦਰਾ ਗਾਂਧੀ ਦੀ ਇਸ ਕਾਨੂੰਨ-ਵਿਹੂਣੀ ਕਾਰਵਾਈ ਦਾ ਵਿਰੋਧ ਕੀਤਾ। ਉਹਨਾਂ ਏਸ ਜ਼ਾਲਮ ਨੂੰ ਓਸ ਵੱਲੋਂ ਉਸਾਰੇ ਗਏ ਭਿਆਨਕ ਮਹਿਲ ਨੂੰ ਢਾਹੁਣ ਲਈ ਮਜਬੂਰ ਹੋ ਜਾਣ ਤੱਕ ਐਮਰਜੈਂਸੀ ਦੇ ਚੱਲਦਿਆਂ ਹਰ ਰੋਜ਼ ਵਿਰੋਧ ਜਾਰੀ ਰੱਖਿਆ। ਏਸ ਕਾਰਣ ਉਹ ਬੇਹੱਦ ਭੜਕ ਉੱਠੀ।

ਇਸ ਤੋਂ ਇਲਾਵਾ ਉਹ ਸਿੱਖ ਸੱਭਿਆਚਾਰ ਨੂੰ ਤਬਾਹ ਕਰਨ ਦੇ ਏਜੰਡੇ 'ਤੇ ਆਪਣਾ ਮਨ ਬਣਾ ਚੁੱਕੀ ਸੀ। ਇਹ ਭਿਆਨਕ ਮਾਨਸਿਕਤਾ ਉਸ ਨੇ ਆਪਣੇ ਬਾਪ ਅਤੇ ਦਾਦੇ ਤੋਂ ਵਿਰਸੇ ਵਿੱਚ ਪ੍ਰਾਪਤ ਕੀਤੀ ਸੀ। ਇਹ ਹਿੰਦੁਸਤਾਨ ਦੀ ਸਥਾਈ ਸੱਭਿਆਚਾਰਕ ਬਹੁਗਿਣਤੀ ਦਾ ਵੀ ਕਈ ਸਦੀਆਂ ਤੋਂ ਸਾਂਝਾ ਏਜੰਡਾ ਸੀ। ਜਦੋਂ ਉਹ ਫਰਵਰੀ 1980 ਵਿੱਚ ਮੁੜ ਸੱਤਾ ਵਿੱਚ ਪਰਤੀ ਤਾਂ ਉਸ ਨੇ ਪੰਜਾਬ ਅਤੇ ਸਿੱਖਾਂ, ਦੋਹਾਂ ਨੂੰ ਬਰਬਾਦ ਕਰਨ ਦੀ ਠਾਣ ਲਈ। ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਕਰਦਿਆਂ ਉਸ ਨੇ ਦਰਿਆਈ ਪਾਣੀ, ਜਿਸ ਉੱਤੇ ਕੇਵਲ ਪੰਜਾਬ ਦਾ ਅਧਿਕਾਰ



ਸੀ, ਗ਼ੈਰ-ਸਿੱਖ ਬਹੁਗਿਣਤੀ ਵਾਲੇ ਸੂਬਿਆਂ ਹਰਿਆਣਾ ਅਤੇ ਰਾਜਸਥਾਨ ਨੂੰ ਵੰਡਣਾ ਸ਼ੁਰੂ ਕਰ ਦਿੱਤਾ। ਇਹ ਉਹਨਾਂ ਅਨੇਕਾਂ ਦ੍ਰਿਸ਼ਟੀਗੋਚਰ ਅਤੇ ਅਦਿੱਖ ਘਾੜਤਾਂ ਤੋਂ ਇਲਾਵਾ ਸੀ ਜਿਨ੍ਹਾਂ ਦਾ ਸਿੱਖ ਸੱਭਿਆਚਾਰ ਅਤੇ ਗੁਰੂ ਵੱਲੋਂ ਸਥਾਪਤ ਕੀਤੇ ਵਿਸ਼ਵ-ਵਿਆਪੀ ਸੱਭਿਆਚਾਰ ਦੇ ਬੇਜੋੜ ਸ਼ਕਤੀਸ਼ਾਲੀ ਕੇਂਦਰ ਨੂੰ ਤਬਾਹ ਕਰਨ ਲਈ ਮੁੱਢ ਬੰਨ੍ਹਿਆ ਜਾ ਚੁੱਕਾ ਸੀ। ਉਸ ਨੇ ਆਪਣੀਆਂ ਤਬਾਹਕੁੰਨ ਨੀਤੀਆਂ ਇਸ ਹੱਦ ਤੱਕ ਜਾਰੀ ਰੱਖੀਆਂ ਕਿ ਛੇਤੀ ਹੀ ਉਹ ਪੰਜਾਬ ਅਤੇ ਸਿੱਖਾਂ ਨਾਲ ਇੱਕ ਬਹੁਤ ਹੀ ਸਖ਼ਤ ਲੜਾਈ ਵਿੱਚ ਉਲਝ ਗਈ। ਪੰਜਾਬ ਅਤੇ ਸਿੱਖਾਂ 'ਤੇ ਠੋਸੀਆਂ ਗਈਆਂ ਗ਼ੈਰ-ਕਾਨੂੰਨੀ ਲਾਚਾਰਗੀਆਂ ਖ਼ਤਮ ਕਰਵਾਉਣ ਲਈ ਸ਼ੁਰੂ ਹੋਏ ਸ਼ਾਂਤਮਈ ਅੰਦੋਲਨ ਦਾ ਸਮਰਥਨ ਕਰਦਿਆਂ ਸੰਤ ਬਾਬਾ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਇੰਦਰਾ ਗਾਂਧੀ ਨਾਲ ਸਿੱਧੇ ਟਕਰਾਉ ਵਿੱਚ ਆ ਗਏ।



ਚੱਲ ਰਹੇ ਸ਼ਾਂਤਮਈ ਅੰਦੋਲਨ ਦਾ ਸਮਰਥਨ ਕਰਨ ਕਾਰਣ ਸੰਤ ਬਾਬਾ ਜਰਨੈਲ ਸਿੰਘ ਦਰਬਾਰ ਸਾਹਿਬ ਨਾਲ ਜੁੜਵੀਆਂ ਰਿਹਾਇਸ਼ੀ ਸਰਾਂਵਾਂ ਵਿੱਚੋਂ ਇੱਕ ਵਿੱਚ ਰਹਿ ਰਹੇ ਸਨ। ਇੰਦਰਾ ਗਾਂਧੀ ਨੇ ਸਿੱਖੀ ਨੂੰ ਤਬਾਹ ਕਰਨ ਅਤੇ ਸੰਤ ਨੂੰ ਕਤਲ ਕਰਨ ਦੇ ਦੂਹਰੇ ਮੰਤਵ ਤਹਿਤ ਉਹਨਾਂ ਨੂੰ ਗੁਰੂ-ਦਰਬਾਰ ਦੇ ਅਹਾਤੇ ਅੰਦਰ ਹੀ ਅਕਾਲ ਤਖ਼ਤ ਦੇ ਨਾਲ ਜੁੜਵੀਂ ਇਮਾਰਤ ਵਿੱਚ ਰਿਹਾਇਸ਼ ਕਰਨ ਲਈ ਹੋਰ ਮਜਬੂਰ ਕਰ ਦਿੱਤਾ। ਉਹ ਅਜਿਹੀ ਜ਼ੋਰ-ਅਜ਼ਮਾਈ ਦੀ ਤਿਆਰੀ ਕਰ ਰਹੀ ਸੀ ਜੋ ਉਸ ਨੂੰ, ਹਿੰਦੁਸਤਾਨ ਜਾਂ ਭਾਰਤ ਮਾਤਾ ਦੀ ਅਵਤਾਰ, ਦੁਰਗਾ ਦੇਵੀ ਵਜੋਂ ਉਭਰਨ ਦੇ ਯੋਗ ਬਣਾ ਸਕੇ। ਇਸ ਦੇ ਬਲਬੂਤੇ ਉਹ ਆਪਣੀ ਵੰਸ਼ ਦਾ ਰਾਜ ਯਕੀਨੀ ਬਣਾ ਲੈਣ ਦੀ ਉਮੀਦ ਵਿੱਚ ਸੀ।

ਓੜਕ ਇਸ ਦਾ ਸਿੱਟਾ ਨਾ ਟਾਲ਼ੇ ਜਾ ਸਕਣ ਵਾਲੇ ਟਕਰਾਉ ਵਿੱਚ ਨਿਕਲਿਆ। ਸਭ ਪ੍ਰੰਪਰਾਵਾਂ ਅਤੇ ਕਾਨੂੰਨ ਨੂੰ ਛਿੱਕੇ ਟੰਗਦਿਆਂ ਉਹ ਇੱਕ ਆਧੁਨਿਕ ਰਾਜ ਕੋਲ ਮੌਜੂਦ ਹਰ ਪ੍ਰਕਾਰ ਦੇ ਫੌਜੀ ਸਾਜ਼ੋ-ਸਾਮਾਨ ਅਤੇ ਸਾਧਨਾਂ ਨਾਲ ਮੈਦਾਨੇ-ਜੰਗ ਵਿੱਚ ਦਾਖ਼ਲ ਹੋਈ। ਸੰਤ ਵੱਲੋਂ ਸਮਰਥਨ ਪ੍ਰਾਪਤ ਕਾਨੂੰਨੀ ਹੱਕਾਂ ਦੀ ਪ੍ਰਾਪਤੀ ਲਈ ਚੱਲ ਰਹੇ ਸ਼ਾਂਤਮਈ ਜਮਹੂਰੀ ਅੰਦੋਲਨ ਦਾ ਉਸ ਕੋਲ ਇਹੋ ਫ਼ੌਜੀ ਹੱਲ ਸੀ। ਇਸ ਉਪਰੰਤ ਸੰਤ ਕੋਲ ਬਚਿਆ ਇੱਕੋ-ਇੱਕ ਸਨਮਾਨਯੋਗ ਰਸਤਾ ਇਹੋ ਸੀ ਕਿ ਉਹ ਮੁਕਾਬਲਤਨ ਕਿਤੇ ਛੋਟੇ ਹਥਿਆਰਾਂ, ਪੰਤਾਲੀ ਕੁ ਦੇ ਕਰੀਬ ਸਾਥੀਆਂ ਅਤੇ ਆਮ ਜਨਤਾ ਵਿੱਚੋਂ ਏਨੇਂ ਕੁ ਹੀ ਮਦਦਗਾਰਾਂ ਨਾਲ ਦਰਬਾਰ ਦੀ ਰੱਖਿਆ ਕਰੇ। ਕੁਝ ਸਮੇਂ ਬਾਅਦ ਹਿੰਦੁਸਤਾਨ ਦੇ ਕਾਨੂੰਨ ਮੰਤਰੀ ਨੇ ਰਾਇ ਪਰਗਟ ਕੀਤੀ ਕਿ ਫ਼ੌਜਾਂ ਉਸ ਨੂੰ ਮਾਰਨ ਦੀ ਪੱਕੀ ਠਾਣ ਕੇ ਆਈਆਂ ਸਨ, ਇਸ ਲਈ ਸੰਤ ਨੂੰ ਵੀ ਕਾਨੂੰਨੀ ਤੌਰ 'ਤੇ ਸਵੈ-ਰੱਖਿਆ ਦਾ ਹੱਕ ਹਾਸਲ ਸੀ।

ਇਹ ਸਥਿਤੀ ਇੰਨ-ਬਿੰਨ ਬਾਬਾ ਗੁਰਬਖ਼ਸ਼ ਸਿੰਘ ਦੇ ਸਮੇਂ ਦੇ ਸਮਾਨਾਂਤਰ ਹੋ ਨਿੱਬੜੀ। ਸੰਤ ਬਾਬਾ ਜਰਨੈਲ ਸਿੰਘ ਅਤੇ ਉਹਨਾਂ ਦੇ ਸਾਥੀ ਬਖ਼ੂਬੀ ਅਤੇ ਜ਼ਰਾ ਕੁ ਬਿਹਤਰ ਸੁਰਖ਼ਰੂ ਹੋਏ। ਰਾਜੀਵ ਗਾਂਧੀ ਅਨੁਸਾਰ ਉਹਨਾਂ ਨੇ ਘੱਟੋ-ਘੱਟ 700 ਹਮਲਾਵਰ ਫ਼ੌਜੀ ਜਵਾਨ ਅਤੇ ਅਫ਼ਸਰ ਰਣਖੇਤ ਰੱਖੇ ਅਤੇ ਜ਼ਖ਼ਮੀਆਂ ਦੀ ਤਾਦਾਦ ਜੇ ਜ਼ਿਆਦਾ ਨਹੀਂ ਤਾਂ ਇਸ ਤੋਂ ਦੁੱਗਣੀ ਸੀ। ਸੰਤਾਂ ਨੇ ਆਧੁਨਿਕ ਜੰਗ ਦੇ ਨਵੀਨ ਸਾਜ਼ੋ-ਸਾਮਾਨ ਨਾਲ ਲੈਸ ਸਾਰੀ ਫ਼ੌਜ ਨੂੰ 72 ਘੰਟੇ ਤੋਂ ਜ਼ਿਆਦਾ ਸਮਾਂ ਨੇੜੇ ਨਾ ਫੜਕਣ ਦਿੱਤਾ ਭਾਵੇਂ ਕਿ ਉਹ ਇੱਕ ਸਥਾਈ ਮੁਕਾਮ ਤੋਂ ਲੜ ਰਹੇ ਸਨ। ਉਹਨਾਂ 6 ਜੂਨ 1984 ਨੂੰ ਸਵੇਰੇ 9 ਵਜੇ ਦੇ ਕਰੀਬ ਆਖ਼ਰੀ ਹੱਲੇ ਦੀ ਅਗਵਾਈ ਕੀਤੀ।

ਉਹਨਾਂ ਹਿੰਦੁਸਤਾਨੀ ਫ਼ੌਜ ਦੇ ਗੋਲ਼ੇ-ਬਾਰੂਦ ਦੀ ਇੱਕ ਭਰਪੂਰ ਬੁਛਾੜ ਦਾ ਸਾਹਮਣਾ ਕੀਤਾ ਅਤੇ ਦਰਸ਼ਨੀ ਡਿਓਢੀ ਵੱਲ ਵਧਦਿਆਂ ਦੋਹਾਂ ਨਿਸ਼ਾਨ ਸਾਹਿਬਾਂ ਤੋਂ 15 ਕੁ ਗਜ਼ ਦੀ ਦੂਰੀ 'ਤੇ

ਸ਼ਹੀਦ ਹੋ ਗਏ। ਮੁਲਕ ਦੀ ਫ਼ੌਜ ਦੇ ਵਿਰੁੱਧ ਇੱਕ ਜੱਥੇ ਦੀ ਅਗਵਾਈ ਕਰਨ ਦਾ ਕਰਮ ਸੰਤ ਨੂੰ ਪ੍ਰਭੂਸੱਤਾ-ਸੰਪੰਨ ਸਿੱਖ ਕੌਮ, ਜਿਸ ਦੀ ਖ਼ਾਤਰ ਲੜਦਿਆਂ ਉਹਨਾਂ ਨੂੰ ਸ਼ਹੀਦ ਕੀਤਾ ਗਿਆ, ਦੀ ਨੁਮਾਇੰਦਗੀ ਕਰਦਾ ਇੱਕ ਪ੍ਰਭੂਸੱਤਾ-ਸੰਪੰਨ ਸ਼ਖ਼ਸ ਸਾਬਤ ਕਰਦਾ ਹੈ।

ਦਰਸ਼ਨੀ ਡਿਓਢੀ ਦੇ ਸੱਜੇ ਪਾਸੇ ਇੱਕ ਬੇਰੀ ਅਤੇ ਛੋਟਾ ਜਿਹਾ ਧਾਰਮਕ-ਸਥਾਨ ਸਾਡੇ ਸਦ-ਰਹਿਣੇ ਨਾਇਕਾਂ, ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ, ਦੇ ਸਾਹਸੀ ਕਾਰਨਾਮੇ ਦੀ ਯਾਦ ਦਿਵਾਉਂਦੇ ਹਨ। ਬੇਸ਼ੱਕ ਉਹਨਾਂ ਹੋਰਨਾਂ ਸ਼ਹੀਦਾਂ ਵਾਂਗ ਇੱਕ ਗੌਰਵਮਈ ਕਾਰਜ ਨਿਭਾਇਆ ਸੀ ਪਰ ਉਹਨਾਂ ਸ਼ਹਾਦਤ ਇੱਥੋਂ ਬਾਹਰ ਪ੍ਰਾਪਤ ਕੀਤੀ ਸੀ ਅਤੇ ਦਰਬਾਰ ਦੇ ਅਹਾਤੇ ਅੰਦਰ ਉਹਨਾਂ ਦੀ ਕੋਈ ਨਿੱਖੜਵੀਂ ਯਾਦਗਾਰ ਨਹੀਂ ਬਣਾਈ ਗਈ।

ਸੰਤ ਪਹਿਲੀਆਂ ਦੋ ਮਿਸਾਲਾਂ ਤੋਂ ਵਿਸ਼ੇਸ਼ ਰੂਪ 'ਚ ਪ੍ਰੇਰਿਤ ਸੀ ਅਤੇ, ਜੇ ਹਾਲਾਤ ਅਜਿਹੀ ਮੰਗ ਕਰਨ, ਅਕਾਲ ਤਖ਼ਤ ਅਤੇ ਦਰਸ਼ਨੀ ਡਿਓਢੀ ਦੇ ਸਾਂਝੇ ਖੁੱਲ੍ਹੇ ਵਿਹੜੇ ਵਿੱਚ ਕਿਸੇ ਥਾਂ ਆਪਣਾ ਜੀਵਨ ਕੁਰਬਾਨ ਕਰਨ ਲਈ ਤਿਆਰ ਸੀ। ਉਹਨਾਂ ਦੀ ਹੋਰ ਇੱਛਾ ਸੀ ਕਿ ਇਹ ਥਾਂ ਦਰਸ਼ਨੀ ਡਿਓਢੀ ਦੀ ਦਹਿਲੀਜ਼ ਦੇ ਵੱਧ ਤੋਂ ਵੱਧ ਨੇੜੇ ਹੋਵੇ ਜਾਂ ਘੱਟੋ-ਘੱਟ ਇਹਨਾਂ ਸਥਲਾਂ ਅਤੇ ਦੋਹਾਂ ਨਿਸ਼ਾਨ ਸਾਹਿਬਾਂ ਤੋਂ ਬਰਾਬਰ ਜਿਹੀ ਦੂਰੀ 'ਤੇ ਹੋਵੇ। ਚਸ਼ਮਦੀਦ ਗਵਾਹਾਂ ਦੇ ਸਾਰੇ ਵੇਰਵਿਆਂ ਅਨੁਸਾਰ ਉਹ ਦਰਸ਼ਨੀ ਡਿਓਢੀ ਵੱਲ ਵਧਦਿਆਂ ਇਹਨਾਂ ਤਿੰਨਾਂ ਸਥਾਨਾਂ ਤੋਂ ਥੋੜ੍ਹੀ ਜਿਹੀ ਘੱਟ ਬਰਾਬਰ ਦੂਰੀ 'ਤੇ ਨਿਸ਼ਾਨ ਸਾਹਿਬਾਂ ਦੇ ਨੇੜੇ ਸ਼ਹੀਦ ਹੋਏ।



# ਫ਼ੌਜੀ ਹਮਲੇ ਦਾ ਕਹਿਰ ਅਤੇ ਸ਼ਹਾਦਤਾਂ ਦੀ ਅਲੌਕਿਕ ਝਾਕੀ !

ਮਈ 1984 ਦੇ ਆਖ਼ਰੀ ਸਪਤਾਹ ਦੌਰਾਨ ਭਾਰਤ ਸਰਕਾਰ ਦੇ ਨੀਮ-ਫ਼ੌਜੀ ਹਥਿਆਰਬੰਦ ਬਲਾਂ -ਬੀ. ਐੱਸ. ਐੱਫ, ਸੀ. ਆਰ. ਪੀ. ਤੇ ਆਈ. ਟੀ. ਬੀ. ਪੀ.- ਨੇ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਇਮਾਰਤਾਂ ਉੱਤੇ ਆਪਣੇ ਪੱਕੇ ਮੋਰਚੇ ਬਣਾਉਣ ਦਾ ਅਮਲ ਆਰੰਭ ਦਿੱਤਾ ਸੀ। ਪਹਿਲੀ ਜੂਨ ਨੂੰ ਉਹਨਾਂ ਨੇ ਆਪਣੇ ਇਹਨਾਂ ਮੋਰਚਿਆਂ 'ਚੋਂ ਦਰਬਾਰ ਸਾਹਿਬ ਸਮੂਹ ਉੱਤੇ ਅੱਠ ਘੰਟੇ ਲਗਾਤਾਰ ਅੰਧਾਧੁੰਦ ਗੋਲ਼ਾਬਾਰੀ ਕੀਤੀ ਜਿਸ ਨਾਲ ਦਰਬਾਰ ਸਾਹਿਬ ਸਮੂਹ ਅੰਦਰ ਅੱਧੀ ਦਰਜਨ ਦੇ ਕਰੀਬ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਸ੍ਰੀ ਦਰਬਾਰ ਸਾਹਿਬ ਉੱਤੇ 32 ਥਾਵਾਂ 'ਤੇ ਗੋਲੀਆਂ ਦੇ ਡੂੰਘੇ ਨਿਸ਼ਾਨ ਪੈ ਗਏ ਸਨ। 3 ਜੂਨ ਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦਾ ਸ਼ਹੀਦੀ ਪੁਰਬ ਸੀ ਜਿਸ ਕਾਰਣ ਸਿੱਖ ਸੰਗਤਾਂ ਉਚੇਚੀ ਸ਼ਰਧਾ ਭਾਵਨਾ ਨਾਲ ਹਜ਼ਾਰਾਂ ਦੀ ਤਦਾਦ ਵਿੱਚ ਦਰਸ਼ਨ-ਇਸ਼ਨਾਨ ਕਰਨ ਲਈ ਸ੍ਰੀ ਦਰਬਾਰ ਸਾਹਿਬ ਵਿਖੇ ਪਹੁੰਚੀਆਂ ਹੋਈਆਂ ਸਨ।

500 ਤੋਂ ਵਧੇਰੇ ਅਕਾਲੀ ਵਰਕਰ ਧਰਮ-ਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇਣ ਲਈ ਪੁੱਜੇ ਹੋਏ ਸਨ। ਉਸ ਦਿਨ ਸ਼ਾਮ ਢਲਣ ਤੋਂ ਪਹਿਲਾਂ ਹੀ ਭਾਰਤੀ ਫ਼ੌਜ ਦੇ ਲਸ਼ਕਰਾਂ ਨੇ ਦਰਬਾਰ ਸਾਹਿਬ ਦੇ ਚਾਰੇ ਪਾਸੇ ਸਖ਼ਤ ਘੇਰਾ ਘੱਤ ਲਿਆ। ਰਾਤ ਪੈਂਦਿਆਂ ਹੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਦੀਆਂ ਇਮਾਰਤਾਂ ਉੱਤੇ ਨੀਮ-ਫ਼ੌਜੀ ਦਸਤਿਆਂ ਦੁਆਰਾ ਸਥਾਪਤ ਕੀਤੇ ਗਏ ਸਾਰੇ ਮੋਰਚਿਆਂ ਅੰਦਰ ਬਿਹਾਰ ਰਜਮੈਂਟ ਦੀ ਬਾਰ੍ਹਵੀਂ ਬਟਾਲੀਅਨ ਦੇ ਜਵਾਨਾਂ ਨੇ ਪੋਜ਼ੀਸ਼ਨਾਂ ਮੱਲ ਲਈਆਂ।

4 ਜੂਨ ਨੂੰ ਅੰਮ੍ਰਿਤ ਵੇਲੇ ਜਦੋਂ ਦਰਬਾਰ ਸਾਹਿਬ ਅੰਦਰ ਆਸਾ ਦੀ ਵਾਰ ਦਾ ਕੀਰਤਨ ਚੱਲ ਰਿਹਾ ਸੀ ਤਾਂ ਚਾਰ ਵਜੇ ਦੇ ਕਰੀਬ ਫ਼ੌਜੀ ਤੋਪਾਂ ਅਤੇ ਮਸ਼ੀਨਗੰਨਾਂ ਨੇ ਅਚਾਨਕ ਸ੍ਰੀ ਦਰਬਾਰ ਸਾਹਿਬ ਸਮੂਹ ਉੱਤੇ ਅੰਧਾਧੁੰਦ ਗੋਲਾਬਾਰੀ ਆਰੰਭ ਕਰ ਦਿੱਤੀ। ਰਾਤ ਦੇ ਹਨੇਰੇ ਵਿੱਚ ਅੱਗੇ-ਅੱਗੇ ਰੌਸ਼ਨੀ ਦੀ ਲੀਕ ਪਾਉਂਦੇ 'ਚਾਨਣੀ ਗੋਲੇ' (ਟਰੇਸਰ ਬੁਲਿਟਸ) ਤੇ ਪਿੱਛੇ-ਪਿੱਛੇ ਆਰ. ਸੀ. ਐਲ. (recoilless gun ਗੁਨਤੋਪਨੁਮਾ ਬੰਦੂਕ) ਦੇ ਗੋਲ਼ਿਆਂ ਨੇ ਅਸਮਾਨ ਅੰਦਰ ਲਾਂਬੂ ਲਾ ਦਿੱਤੇ। 36 ਘੰਟਿਆਂ ਤੋਂ ਵੱਧ ਸਮੇਂ ਤੱਕ ਇਹ ਅੰਧਾਧੁੰਧ ਗੋਲ਼ਾਬਾਰੀ ਬਿਨਾ ਰੁਕੇ ਲਗਾਤਾਰ ਚੱਲਦੀ ਰਹੀ। ਉਸ ਵੇਲੇ ਤੱਕ ਫ਼ੌਜ ਦਾ ਮੁੱਖ ਜ਼ੋਰ ਜੁਝਾਰੂ ਸਿੰਘਾਂ ਦੇ ਛੱਤਾਂ ਉੱਪਰਲੇ ਮੋਰਚਿਆਂ ਨੂੰ ਨਸ਼ਟ ਕਰਨ ਉੱਤੇ ਲੱਗਾ ਰਿਹਾ। 5 ਜੂਨ ਦੀ ਸ਼ਾਮ ਤੱਕ ਫ਼ੌਜ ਨੇ ਟੈਂਪਲ ਵਿਊ ਹੋਟਲ, ਬ੍ਰਹਮ ਬੂਟਾ ਅਖਾੜਾ ਤੇ ਪਰਿਕਰਮਾ ਦੀ ਘੰਟਾ ਘਰ ਵਾਲੀ ਬਾਹੀ ਉੱਪਰ ਛੱਤਾਂ ਉੱਤੇ ਬਣਾਏ ਲਗਭਗ ਸਾਰੇ ਮੋਰਚੇ ਨਸ਼ਟ ਕਰ ਦਿੱਤੇ ਸਨ। ਅਠ੍ਹਾਰਵੀਂ ਸਦੀ ਦੌਰਾਨ ਉਸਾਰੇ ਗਏ ਇਤਿਹਾਸਕ ਬੁੰਗਿਆਂ ਦੀਆਂ ਮਮਟੀਆਂ ਤੋਪਾਂ ਦੇ ਗੋਲ਼ਿਆਂ ਨਾਲ ਠੀਕਰੀ-ਠੀਕਰੀ ਹੋ ਗਈਆਂ ਸਨ।

ਜੁਝਾਰੂ ਸਿੰਘਾਂ ਦੇ ਨੰਗੇ ਮੋਰਚਿਆਂ ਨੂੰ ਤਬਾਹ ਕਰ ਦੇਣ ਤੋਂ ਬਾਅਦ ਫ਼ੌਜ ਨੇ 5 ਜੂਨ ਦੀ ਰਾਤ ਨੂੰ ਦਰਬਾਰ ਸਾਹਿਬ ਅੰਦਰ ਦਾਖਲ ਹੋ ਕੇ ਅਕਾਲ ਤਖ਼ਤ ਸਾਹਿਬ ਉੱਤੇ ਕਬਜ਼ਾ ਜਮਾਉਣ ਦੀ ਆਪਣੀ ਪੂਰਬ-ਉਲੀਕੀ ਯੋਜਨਾ ਉੱਤੇ ਕਾਰਵਾਈ ਸ਼ੁਰੂ ਕਰ ਦਿੱਤੀ। ਭਾਰਤੀ ਫ਼ੌਜ ਦੇ ਉੱਚ-ਕੋਟੀ ਦੇ ਜਰਨੈਲਾਂ ਤੇ ਮਾਹਰਾਂ ਦੁਆਰਾ ਡੂੰਘੀ ਸੋਚ-ਵਿਚਾਰ ਤੋਂ ਬਾਅਦ ਤਿਆਰ ਕੀਤੀ ਗਈ ਇਸ ਰਣਨੀਤੀ ਅਨੁਸਾਰ ਫ਼ੌਜ ਨੇ ਆਪਣੇ ਆਹਲਾ ਦਰਜੇ ਦੇ ਕਮਾਂਡੋਆਂ, ਜਿਨ੍ਹਾਂ ਨੂੰ ਇਸ ਮਕਸਦ ਲਈ ਚਕਰਾਤਾ ਤੇ ਸਰਸਾਵਾ ਵਿਖੇ ਮਹੀਨਿਆਂ ਬੱਧੀ ਉਚੇਚੀ ਟਰੇਨਿੰਗ ਦਿੱਤੀ ਗਈ ਸੀ, ਦੀ ਮਦਦ ਨਾਲ ਦਰਬਾਰ ਸਾਹਿਬ ਦੀ ਪਰਿਕਰਮਾ ਅੰਦਰ ਇੱਕੋ ਸਮੇਂ ਦੋ ਪਾਸਿਆਂ ਤੋਂ



ਦਾਖਲ ਹੋਣਾ ਸੀ। ਦਸਵੀਂ ਬਟਾਲੀਅਨ (10 ਗਾਰਡਜ਼) ਦੇ ਕਮਾਂਡੋਆਂ ਨੇ ਘੰਟਾ ਘਰ ਵਾਲੇ ਮੁੱਖ ਦੁਆਰ ਰਾਹੀਂ ਪਰਿਕਰਮਾ ਅੰਦਰ ਦਾਖਲ ਹੋ ਕੇ ਅਕਾਲ ਤਖ਼ਤ ਤੱਕ ਪਹੁੰਚਣ ਲਈ ਫ਼ੌਜ ਦਾ ਰਾਹ ਪੱਧਰਾ ਕਰਨਾ ਸੀ। ਉਸੇ ਹੀ ਸਮੇਂ ਮਦਰਾਸ ਰਜਮੈਂਟ ਦੀ 26ਵੀਂ ਬਟਾਲੀਅਨ ਦੇ ਦਸਤਿਆਂ ਨੇ ਮੰਜੀ ਸਾਹਿਬ ਵਾਲੇ ਪਾਸੇ ਤੋਂ ਪਰਿਕਰਮਾ ਅੰਦਰ ਦਾਖਲ ਹੋ ਕੇ ਅਕਾਲ ਤਖ਼ਤ ਸਾਹਿਬ ਤੱਕ ਫ਼ੌਜ ਦੇ ਅੱਗੇ ਵਧਣ ਲਈ ਰਾਹ ਦੀਆਂ ਸਾਰੀਆਂ ਰੁਕਾਵਟਾਂ ਦੂਰ ਕਰਨੀਆਂ ਸਨ।

ਗੜ੍ਹਵਾਲ ਰਜਮੈਂਟ ਦੀ ਨੌਵੀਂ ਬਟਾਲੀਅਨ ਨੂੰ ਦੱਖਣ ਵਾਲੇ ਪਾਸਿਓਂ ਸ਼ਹੀਦਾਂ ਵਾਲੇ ਗੇਟ ਰਾਹੀਂ ਪਰਿਕਰਮਾ ਅੰਦਰ ਦਾਖਲ ਹੋਣ ਲਈ ਤੈਨਾਤ ਕੀਤਾ ਗਿਆ ਸੀ। ਕਮਾਉਂ ਰਜਮੈਂਟ ਦੀ ਨੌਵੀਂ ਬਟਾਲੀਅਨ ਨੇ ਸਰਾਂ ਵਾਲੇ ਸਮੁੱਚੇ ਖੇਤਰ ਨੂੰ ਕਬਜ਼ੇ ਵਿੱਚ ਲੈਣਾ ਸੀ। 16 ਨੰਬਰ ਰਸਾਲੇ ਦੇ ਦਰਜਨ ਤੋਂ ਵੱਧ ਵਿਜੰਤਾ ਟੈਂਕ, 7.62 ਮਿਲੀਮੀਟਰ ਮਸ਼ੀਨ ਗੰਨਾਂ ਦੇ ਗੋਲੇ ਦਾਗਣ ਲਈ ਯੁੱਧਨੀਤਕ ਟਿਕਾਣਿਆਂ ਉੱਤੇ ਤੈਨਾਤ ਕੀਤੇ ਗਏ ਸਨ। ਫ਼ੌਜੀ ਜਵਾਨਾਂ ਦੀ ਸਹੀ ਨਿਸ਼ਾਨਿਆਂ ਉੱਤੇ ਚੋਟ ਕਰਨ ਵਿੱਚ ਮਦਦ ਕਰਨ ਲਈ ਦੋ ਚੇਤਕ ਹੈਲੀਕਾਪਟਰ ਤਿਆਰ-ਬਰ-ਤਿਆਰ ਰੱਖੇ ਗਏ ਸਨ। ਗੱਲ ਕੀ, ਫ਼ੌਜੀ ਤਿਆਰੀ ਵਿੱਚ ਕਿਸੇ ਪੱਖੋਂ ਵੀ ਕੋਈ ਢਿੱਲ ਨਹੀਂ ਛੱਡੀ ਗਈ ਸੀ। ਫ਼ੌਜ ਦੀਆਂ ਕੁੱਲ ਮਿਲਾ ਕੇ ਸੱਤ ਡਵੀਜ਼ਨਾਂ ਲੜਾਈ ਲਈ ਲਾਮਬੰਦ ਕੀਤੀਆਂ ਗਈਆਂ ਸਨ। ਇਕੱਲੀ ਦਰਬਾਰ ਸਾਹਿਬ ਉੱਤੇ ਹਮਲੇ ਦੀ ਕਾਰਵਾਈ ਵਿੱਚ ਹੀ ਘੱਟੋ-ਘੱਟ 15 ਹਜ਼ਾਰ ਫ਼ੌਜੀ ਜਵਾਨ ਸਿੱਧਾ ਹਿੱਸਾ ਲੈ ਰਹੇ ਸਨ। ਪਿਆਦਾ ਫ਼ੌਜ ਦੀ ਮਦਦ ਲਈ ਸਮੁੰਦਰੀ ਤੇ ਹਵਾਈ ਸੈਨਾ ਦੇ ਵੀ ਕੁਝ ਅੰਗ ਹਰਕਤ ਵਿੱਚ ਲਿਆਂਦੇ ਗਏ ਸਨ।

ਦੂਜੇ ਬੰਨੇ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਦੀ ਰੱਖਿਆ ਕਰਨ ਲਈ ਸਿਰ-ਧੜ ਦੀ ਬਾਜ਼ੀ ਲਾਉਣ ਲਈ ਤਤਪਰ ਜੁਝਾਰੂ ਸਿੰਘਾਂ ਦੀ ਅਸਲੀ ਗਿਣਤੀ ਚਾਰ ਜਾਂ ਹੱਦ ਪੰਜ ਦਰਜਨਾਂ ਤੋਂ ਜ਼ਿਆਦਾ ਨਹੀਂ ਸੀ ਅਤੇ ਉਹਨਾਂ ਕੋਲ ਉਂਗਲਾਂ ਉੱਤੇ ਗਿਣਨ ਜੋਗੀਆਂ ਹਲਕੀਆਂ ਮਸ਼ੀਨਗੰਨਾਂ ਸਨ। ਦਰਮਿਆਨੀ ਜਾਂ ਭਾਰੀ ਮਸ਼ੀਨਗੰਨ ਇੱਕ ਵੀ ਨਹੀਂ ਸੀ, ਜ਼ਿਆਦਾਤਰ ਸਧਾਰਨ ਸਵੈਚਾਲਤ ਰਾਈਫ਼ਲਾਂ ਹੀ ਸਨ।

ਕਾਗਜ਼ਾਂ 'ਤੇ ਤਿਆਰ ਕੀਤੀ ਯੋਜਨਾ ਮੁਤਾਬਕ ਭਾਰਤੀ ਫ਼ੌਜ ਦੇ ਕਮਾਂਡੋਆਂ ਨੇ ਟੋਲੀਆਂ ਬਣਾ ਕੇ, ਅੱਗੜ-ਪਿੱਛੜ, ਬਿਜਲੀ ਦੀ ਫੁਰਤੀ ਨਾਲ ਪਰਵੇਸ਼-ਦੁਆਰ ਦੀਆਂ ਪੌੜੀਆਂ ਉੱਤਰ ਕੇ ਪਰਿਕਰਮਾ ਅੰਦਰ ਦਾਖਲ ਹੋਣਾ ਸੀ ਅਤੇ ਫਿਰ ਗੋਲ਼ੀਆਂ ਤੇ ਗਰਨੇਡਾਂ ਦਾ ਮੀਂਹ ਵਰ੍ਹਾਉਂਦਿਆਂ, ਤੂਫ਼ਾਨੀ ਤੇਜ਼ੀ ਨਾਲ ਅਕਾਲ ਤਖ਼ਤ ਸਾਹਿਬ ਵੱਲ ਵਧਣਾ ਸੀ। ਮੇਜਰ ਜਨਰਲ ਕੁਲਦੀਪ ਸਿੰਘ ਬਰਾੜ, ਜਿਸ ਨੂੰ ਦਰਬਾਰ ਸਾਹਿਬ ਕੰਪਲੈਕਸ ਉੱਤੇ ਕਬਜ਼ਾ ਕਰਨ ਦੀ ਫ਼ੌਜੀ ਕਾਰਵਾਈ ਦਾ ਸੰਚਾਲਕ ਥਾਪਿਆ ਗਿਆ ਸੀ, ਨੇ ਰਾਤ ਦਸ ਵਜੇ ਦੇ ਕਰੀਬ '10 ਗਾਰਡਜ਼' ਦੇ ਕਮਾਂਡੋਆਂ ਦੀ ਪਹਿਲੀ ਟੋਲੀ ਨੂੰ ਥਾਪੜਾ ਦੇ ਕੇ ਮੁੱਖ ਪਰਵੇਸ਼ ਦੁਆਰ ਦੀਆਂ ਪੌੜੀਆਂ ਉੱਤਰਨ ਲਈ ਰਵਾਨਾ ਕੀਤਾ।

ਜੁਝਾਰੂ ਸਿੰਘਾਂ ਨੇ, ਜਨਰਲ ਸੁਬੇਗ ਸਿੰਘ ਦੀ ਦੇਖ-ਰੇਖ ਹੇਠਾਂ, ਪਰਵੇਸ਼-ਦੁਆਰ ਦੀਆਂ ਪੌੜੀਆਂ ਦੇ ਦੋਨੋਂ ਪਾਸੀਂ ਮੋਟੀਆਂ ਕੰਧਾਂ ਵਿੱਚ ਰੱਖੇ ਗਏ ਰੋਸ਼ਨਦਾਨਾਂ ਵਿੱਚ ਹਲਕੀਆਂ ਮਸ਼ੀਨਗੰਨਾਂ ਇਸ ਢੰਗ ਨਾਲ ਬੀੜ ਰੱਖੀਆਂ ਸਨ ਕਿ ਉਹਨਾਂ ਦੀ ਰਜ਼ਾ ਤੋਂ ਬਿਨਾਂ ਪੌੜੀਆਂ ਵਿੱਚੋਂ ਬੰਦਾ ਤਾਂ ਕੀ, ਹਵਾ ਵੀ ਨਹੀਂ ਲੰਘ ਸਕਦੀ ਸੀ! ਕਮਾਂਡੋਆਂ ਵੱਲੋਂ ਪੌੜੀਆਂ ਅੰਦਰ ਛਾਲ਼ਾਂ ਮਾਰਨ ਤੋਂ ਪਹਿਲਾਂ ਜੁਝਾਰੂ ਸਿੰਘਾਂ ਨੂੰ ਦਹਿਲਾਉਣ ਅਤੇ ਉਹਨਾਂ ਦਾ ਧਿਆਨ ਲਾਂਭੇ ਹਟਾਉਣ ਦੇ ਇਰਾਦੇ ਨਾਲ ਫ਼ੌਜ ਨੇ ਆਪਣੇ ਸਾਰੇ ਮੋਰਚਿਆਂ ਤੋਂ ਇੱਕੋ ਵੇਲੇ ਕਹਿਰ ਭਰੀ ਗੋਲ਼ਾਬਾਰੀ ਸ਼ੁਰੂ ਕਰ ਦਿੱਤੀ ਜਿਸ ਨਾਲ ਅਸਮਾਨ ਅੰਦਰ ਲਾਂਬੂ ਲੱਗ ਗਏ ਅਤੇ ਦਰਬਾਰ



ਸਾਹਿਬ ਸਮੂਹ ਦੀਆਂ ਸਾਰੀਆਂ ਇਮਾਰਤਾਂ ਥਰਥਰਾ ਉੱਠੀਆਂ।

ਕਮਾਂਡੋਆਂ ਦੇ ਪੌੜੀਆਂ ਅੰਦਰ ਕਦਮ ਰੱਖਦਿਆਂ ਹੀ, ਰੌਸ਼ਨਦਾਨਾਂ ਵਿੱਚ ਬੀੜੀਆਂ ਸਿੰਘਾਂ ਦੀਆਂ ਮਸ਼ੀਨਗੰਨਾਂ ਕਿਸੇ ਗ਼ੈਬੀ ਰੋਹ ਨਾਲ ਗਰਜ ਉੱਠੀਆਂ। ਉਹਨਾਂ ਨੇ ਪੌੜੀਆਂ ਦੇ ਅੰਦਰ ਕਿਆਮਤ ਲਿਆ ਦਿੱਤੀ! ਅੱਖ ਦੇ ਪਲਕਾਰੇ ਵਿੱਚ ਕਮਾਂਡੋਆਂ ਦੀ ਸਾਰੀ ਟੋਲੀ ਪੌੜੀਆਂ ਵਿੱਚ ਹੀ ਢੇਰੀ ਹੋ ਗਈ। ਫ਼ਿਰ ਦੂਜੀ ਟੋਲੀ, ਫ਼ਿਰ ਤੀਜੀ, ਫ਼ਿਰ ਚੌਥੀ ਅਤੇ ਫ਼ਿਰ ... ਬੱਸ ਇਸ ਤਰ੍ਹਾਂ ਪੌੜੀਆਂ ਅੰਦਰ ਕਮਾਂਡੋਆਂ ਦੀਆਂ ਲੋਥਾਂ ਦੇ ਢੇਰ ਲੱਗਦੇ ਗਏ।

ਇੱਥੇ ਇਹ ਦੱਸਣਾ ਲਾਜ਼ਮੀ ਹੈ ਕਿ ਬਾਅਦ ਵਿੱਚ ਜਾ ਕੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧਕਾਂ ਨੇ ਦਿੱਲੀ ਦੇ ਹੁਕਮਰਾਨਾਂ ਦੇ ਅਣਲਿਖਤੀ ਆਦੇਸ਼ਾਂ ਦਾ ਪਾਲਣ ਕਰਦੇ ਹੋਏ ਇਹ ਰੌਸ਼ਨਦਾਨ ਪੱਕੇ ਤੌਰ 'ਤੇ ਬੰਦ ਕਰ ਦਿੱਤੇ ਅਤੇ ਇਸ ਤਰ੍ਹਾਂ ਜੁਝਾਰੂ ਸਿੰਘਾਂ ਦੀ ਬਹਾਦਰੀ ਤੇ ਜੁਝਾਰੂ ਜਜ਼ਬੇ ਦੇ ਇਸ ਪ੍ਰੇਰਨਾਮਈ ਯਾਦ-ਚਿੰਨ੍ਹਾਂ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ। ਇਸ ਗ਼ੁਨਾਹ ਦਾ ਲੇਖਾ ਇਸ ਲੋਕ ਵਿੱਚ ਨਹੀਂ ਤਾਂ ਪਰਲੋਕ ਵਿੱਚ ਜ਼ਰੂਰ ਦੇਣਾ ਪਵੇਗਾ! ਫ਼ੌਜੀ ਜਰਨੈਲ ਜਿਸ ਲੜਾਈ ਨੂੰ ਦੋ ਜਾਂ ਹੱਦ ਤਿੰਨ ਘੰਟਿਆਂ ਦੇ ਅੰਦਰ-ਅੰਦਰ ਸਮੇਟ ਦੇਣ ਦੀ ਖੁਸ਼ਫ਼ਹਿਮੀ ਪਾਲ਼ੀ ਬੈਠੇ ਸਨ, ਉਹ ਉਹਨਾਂ ਦੀਆਂ ਉਮੀਦਾਂ ਤੇ ਕਲਪਨਾ ਨਾਲੋਂ ਕਿਤੇ ਵੱਧ ਜ਼ੋਖਮ ਭਰੀ ਸਾਬਤ ਹੋਣ ਲੱਗੀ। ਦੋ ਘੰਟਿਆਂ ਦੇ ਅੰਦਰ-ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਕਬਜ਼ਾ ਕਰ ਲੈਣ ਦਾ ਟੀਚਾ ਤਾਂ ਦੂਰ ਰਿਹਾ, ਦੋ ਘੰਟਿਆਂ ਤੱਕ '10 ਗਾਰਡਜ਼' ਦੇ ਕਮਾਂਡੋ ਪਰਿਕਰਮਾ ਦੇ ਅੰਦਰ ਕਦਮ ਧਰਨ ਵਿੱਚ ਵੀ ਸਫ਼ਲ ਨਾ ਹੋ ਸਕੇ।

ਮੁੱਖ ਪਰਵੇਸ਼-ਦੁਆਰ ਦੀਆਂ ਪੌੜੀਆਂ ਹੀ ਉਹਨਾਂ ਲਈ 'ਮੌਤ ਦੀ ਖਾਈ' ਬਣ ਕੇ ਰਹਿ ਗਈਆਂ ਸਨ। ਕਮਾਂਡੋਆਂ ਦੀਆਂ ਚਕਰਾਤਾ ਤੇ ਸਰਸਾਵਾ ਵਿਖੇ ਮਹੀਨਿਆਂ ਬੱਧੀ ਕੀਤੀਆਂ ਮਸ਼ਕਾਂ ਕਿਸੇ ਕੰਮ ਨਾ ਆਈਆਂ। ਜਨਰਲ ਕੁਲਦੀਪ ਸਿੰਘ ਬਰਾੜ ਨੇ ਕਈ ਬਦਲਵੀਆਂ ਜੰਗੀ-ਚਾਲਾਂ ਅਜ਼ਮਾ ਕੇ ਵੇਖ ਲਈਆਂ ਪਰ ਫ਼ੌਜੀ ਦਸਤਿਆਂ ਦੀ ਅਕਾਲ ਤਖ਼ਤ ਸਾਹਿਬ ਵੱਲ ਵਧਣ ਦੀ ਕੋਈ ਵੀ ਕੋਸ਼ਿਸ਼ ਸਫ਼ਲ ਨਾ ਹੋ ਸਕੀ। ਕਲਪਨਾ ਨਾਲੋਂ ਕਿਤੇ ਵੱਧ ਜਾਨੀ ਨੁਕਸਾਨ ਕਰਾ ਬੈਠਣ ਤੋਂ ਬਾਅਦ ਅਤੇ ਛੇ ਘੰਟਿਆਂ ਦੀਆਂ ਜਾਨ-ਤੋੜ ਕੋਸ਼ਿਸ਼ਾਂ ਦੇ ਬਾਵਜੂਦ ਵੀ ਭਾਰਤੀ ਫ਼ੌਜ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਵਧਣਾ ਮੁਹਾਲ ਹੋਇਆ ਰਿਹਾ।

ਅਖ਼ੀਰ ਵਿੱਚ ਜਦ ਫ਼ੌਜੀ ਜਰਨੈਲਾਂ ਨੂੰ ਪਹੁ ਫੁਟ ਜਾਣ ਦਾ ਅਤੇ ਦਿਨ ਦੇ ਚਾਨਣ ਵਿੱਚ ਆਪਣੀ ਨਾਕਾਮੀ ਦੇ ਜੱਗ-ਜ਼ਾਹਰ ਹੋ ਜਾਣ ਦਾ ਡਰਾਉਣਾ ਖਿਆਲ ਸਤਾਉਣ ਲੱਗਾ ਤਾਂ ਉਹਨਾਂ 6 ਜੂਨ ਦੀ ਲੋਅ ਪਾਟਣ ਤੋਂ ਪਹਿਲਾਂ, ਸਵੇਰ ਦੇ ਚਾਰ ਵਜੇ ਮੰਜੀ ਸਾਹਿਬ ਵਾਲੇ ਪਾਸਿਓਂ ਇੱਕ ਬਖ਼ਤਰਬੰਦ ਗੱਡੀ (SKOT OT64) ਪਰਿਕਰਮਾ ਅੰਦਰ ਉਤਾਰੀ।

ਉਹਨਾਂ ਨੂੰ ਪੱਕਾ ਯਕੀਨ ਸੀ ਕਿ ਸਿੰਘ ਇਸ ਗੱਡੀ ਨੂੰ ਵੇਖਦਿਆਂ ਹੀ ਭੈਅ-ਭੀਤ ਹੋ ਜਾਣਗੇ ਅਤੇ ਇਸ ਬਖ਼ਤਰਬੰਦ ਗੱਡੀ ਦਾ ਉਹ ਵਾਲ ਵੀ ਵਿੰਗਾ ਨਹੀਂ ਕਰ ਸਕਣਗੇ ਪਰ ਭਾਰਤੀ ਫ਼ੌਜ ਦੇ ਜਰਨੈਲਾਂ ਨੇ ਸਿੱਖ ਇਤਿਹਾਸ ਦਾ ਉਹ ਚਮਤਕਾਰੀ ਕਿੱਸਾ ਨਹੀਂ ਸੀ ਸੁਣਿਆ ਹੋਇਆ ਜਦੋਂ 1701 ਈ: ਵਿੱਚ ਪਹਾੜੀ ਰਾਜਿਆਂ ਨੇ ਕਹਿਲੂਰ ਦੇ ਰਾਜੇ ਅਜਮੇਰ ਚੰਦ, ਜਿਹੜਾ ਆਪਣੇ ਗੁਰੂ-ਦੋਖੀ ਪਿਤਾ ਭੀਮ ਚੰਦ ਦੀ ਮੌਤ ਪਿੱਛੋਂ ਰਾਜ-ਗੱਦੀ 'ਤੇ ਬੈਠਾ ਸੀ, ਦੀ ਅਗਵਾਈ ਹੇਠ ਇਕੱਠੇ ਹੋ ਕੇ ਆਨੰਦਪੁਰ ਸਾਹਿਬ ਉੱਤੇ ਬਹੁਤ ਹੀ ਵੱਡਾ ਤੇ ਕਹਿਰਵਾਨ ਹੱਲਾ ਬੋਲ ਦਿੱਤਾ ਸੀ ਅਤੇ 'ਜੈ ਬਜਰੰਗ ਬਲੀ' ਦੇ ਨਾਅਰੇ ਮਾਰਦੇ ਜਾਤ-ਅਭਿਮਾਨੀਆਂ ਦੇ ਲਸ਼ਕਰ ਨੇ ਤਿੰਨ ਹਫ਼ਤਿਆਂ ਤੱਕ ਆਨੰਦਪੁਰ ਸਾਹਿਬ ਦੀ ਏਨੀਂ ਮਜ਼ਬੂਤ ਨਾਕਾਬੰਦੀ ਕਰ ਛੱਡੀ ਸੀ ਕਿ ਸਿੰਘਾਂ ਦਾ ਬਾਹਰੋਂ ਰਸਦ-ਪਾਣੀ ਆਉਣਾ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ ਸੀ। ਉਸ



ਵੇਲੇ ਦਸਮੇਸ਼ ਪਿਤਾ ਆਪਣੇ ਡੇਢ ਕੁ ਹਜ਼ਾਰ ਸਿੰਘਾਂ ਨਾਲ ਲੋਹਗੜ੍ਹ ਦੇ ਕਿਲ੍ਹੇ ਵਿੱਚ ਸਨ।

ਜਦ ਪਹਾੜੀ ਰਾਜਿਆਂ ਦੀ ਕਿਲ੍ਹੇ ਅੰਦਰ ਦਾਖਲ ਹੋਣ ਦੀ ਕੋਈ ਵੀ ਕੋਸ਼ਿਸ਼ ਸਫ਼ਲ ਨਾ ਹੋਈ ਤਾਂ ਕੇਸਰੀ ਸਿਹੁੰ ਜਸਵਾਲੀਏ ਦੇ ਦਿਮਾਗ਼ ਨੂੰ, ਆਪਣੇ ਇੱਕ ਜ਼ੋਰਾਵਰ ਤੇ ਗੁੱਸੇ-ਖੋਰ ਜੰਗੀ ਹਾਥੀ ਕੋਲੋਂ ਕਿਲ੍ਹੇ ਦਾ ਦਰਵਾਜ਼ਾ ਤੁੜਵਾਉਣ ਦੀ ਜੰਗੀ ਚਾਲ ਸੁੱਝੀ। ਹਾਥੀ ਨੂੰ ਲੋਹ-ਬਖ਼ਤਰ ਨਾਲ ਲੈਸ ਕੀਤਾ ਗਿਆ; ਉਸ ਦੇ ਪਾਸਿਆਂ ਉੱਤੇ ਤਿੱਖੇ ਸ਼ਸਤਰ ਬੰਨ੍ਹੇ ਗਏ, ਜਿਨ੍ਹਾਂ ਦੀ ਧਾਰ ਨੂੰ ਮਾਰੂ ਜ਼ਹਿਰ ਦੀ ਪਾਨ ਦਿੱਤੀ ਗਈ ਸੀ, ਅਤੇ ਅਖ਼ੀਰ ਵਿੱਚ ਹਾਥੀ ਨੂੰ ਸ਼ਰਾਬ ਨਾਲ ਪੂਰਾ ਨਸ਼ਈ ਕੀਤਾ ਗਿਆ। ਮਦ-ਮਾਤਾ ਹਾਥੀ ਚੰਘਾੜਦਾ ਹੋਇਆ ਕਿਲ੍ਹੇ ਦੇ ਦਰਵਾਜ਼ੇ ਵੱਲ ਦੌੜਿਆ। ਦਸਮੇਸ਼ ਪਿਤਾ ਨੇ ਭਾਈ ਬਚਿੱਤਰ ਸਿੰਘ ਨਾਂ ਦੇ ਆਪਣੇ ਇੱਕ ਹਲਕੇ ਜਿਹੇ ਜਿਸਮ ਦੇ ਸਿੰਘ ਨੂੰ ਥਾਪੜਾ ਦੇ ਕੇ ਮਸਤ ਹਾਥੀ ਦਾ ਮੁਕਾਬਲਾ ਕਰਨ ਲਈ ਅੱਗੇ ਕੀਤਾ। ਘੋੜੇ 'ਤੇ ਸਵਾਰ ਹੋ ਕੇ ਬਚਿੱਤਰ ਸਿੰਘ ਮਸਤ ਹਾਥੀ ਵੱਲ ਇਸ ਤਰ੍ਹਾਂ ਵਧਿਆ ਜਿਵੇਂ ਚੀਤਾ ਆਪਣੇ ਸ਼ਿਕਾਰ ਵੱਲ ਧਾਹ ਕੇ ਪੈਂਦਾ ਹੈ। ਬਚਿੱਤਰ ਸਿੰਘ ਦੇ ਹੱਥ ਵਿੱਚ ਫੜੀ ਨਾਗਣੀ ਆਫ਼ਤ ਬਣ ਕੇ ਲਿਸ਼ਕੀ ਅਤੇ ਸਿੱਧੀ ਹਾਥੀ ਦੇ ਮੱਥੇ ਵਿੱਚ ਜਾ ਵੱਜੀ।

ਵਾਰ ਹੁੰਦਿਆਂ ਹੀ ਹਾਥੀ ਕਹਿਰ ਦੇ ਦਰਦ ਨਾਲ ਚੀਕਿਆ ਅਤੇ ਕੁਰਲਾ ਕੇ ਪਿੱਛੇ ਨੂੰ ਭੱਜ ਉਠਿਆ। ਹਾਥੀ ਨਾਲ ਬੰਨ੍ਹੀਆਂ ਜ਼ਹਿਰੀਲੀਆਂ ਤੇਗਾਂ ਨੇ ਧਾੜਵੀ ਫ਼ੌਜਾਂ ਦੇ ਆਪਣੇ ਹੀ ਸਿਪਾਹੀਆਂ ਨੂੰ ਸੈਂਕੜਿਆਂ ਦੀ ਗਿਣਤੀ ਵਿੱਚ ਲਹੂ-ਲੁਹਾਣ ਕਰ ਕੇ ਧਰਤੀ ਉੱਤੇ ਕੁਰਲਾਉਂਦੇ ਸੁੱਟ ਦਿੱਤਾ। ਐਨ ਉਸੇ ਮੌਕੇ ਬਚਿੱਤਰ ਸਿੰਘ ਦੇ ਛੋਟੇ ਵੀਰ ਉਦੈ ਸਿੰਘ ਨੇ ਤੇਗ਼ ਦੇ ਇੱਕੋ ਵਾਰ ਨਾਲ ਕੇਸਰੀ ਸਿਹੁੰ ਜਸਵਾਲੀਏ ਦਾ ਸਿਰ ਧੜ ਤੋਂ ਲਾਹ ਕੇ ਧਰਤੀ ਉੱਤੇ ਪਟਕਾ ਮਾਰਿਆ ਸੀ।

283 ਸਾਲਾਂ ਦੇ ਵਕਫ਼ੇ ਮਗਰੋਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ, ਇਲਾਹੀ ਜੋਸ਼ ਨਾਲ ਯੁੱਧ ਲੜ ਰਹੇ ਜੁਝਾਰੂ ਸਿੰਘਾਂ ਨੇ ਦਰਬਾਰ ਸਾਹਿਬ ਦੀ ਪਰਿਕਰਮਾ ਅੰਦਰ ਆਨੰਦਪੁਰ ਦੀ ਉਸ ਜੰਗ ਦੀ ਯਾਦ ਮੁੜ ਤਾਜ਼ਾ ਕਰ ਦਿੱਤੀ ਸੀ। ਬਖ਼ਤਰਬੰਦ ਗੱਡੀ ਅਜੇ ਪਰਿਕਰਮਾ ਦੇ ਅੱਧ ਵਿੱਚ ਸ਼ਹੀਦਾਂ ਵਾਲੇ ਗੇਟ ਦੇ ਲਾਗੇ ਹੀ ਪਹੁੰਚੀ ਸੀ ਕਿ ਸਿੰਘਾਂ ਵੱਲੋਂ ਨਿਸ਼ਾਨਾ ਸੇਧ ਕੇ ਰਾਕਟ ਲਾਂਚਰ ਦੁਆਰਾ ਦਾਗੇ ਗਏ ਇੱਕੋ ਗੋਲ਼ੇ ਨੇ ਇਸ ਨੂੰ ਥਾਂਏਂ ਨਕਾਰਾ ਕਰ ਦਿੱਤਾ। ਅਜਿਹੀ ਪਛਾੜ ਤਾਂ ਫ਼ੌਜੀ ਜਰਨੈਲਾਂ ਨੇ ਸੁਪਨੇ ਵਿੱਚ ਵੀ ਨਹੀਂ ਕਲਪੀ ਸੀ। ਇਸ ਨਾਲ ਉਹਨਾਂ ਅੰਦਰ ਇੱਕਦਮ ਭਾਰੀ ਘਬਰਾਹਟ ਫ਼ੈਲ ਗਈ।

ਇਸ ਕਾਹਲੀ ਤੇ ਘਬਰਾਹਟ ਵਿੱਚ ਉਹਨਾਂ, ਉਤਲੇ ਪੱਧਰ 'ਤੇ ਫੁਰਤੀ ਨਾਲ ਸਲਾਹ-ਮਸ਼ਵਰੇ ਕਰ ਕੇ, ਅਕਾਲ ਤਖ਼ਤ ਸਾਹਿਬ ਉੱਤੇ ਸਿੱਧਾ ਟੈਂਕਾਂ ਨਾਲ ਮਾਰੂ ਹੱਲਾ ਬੋਲਣ ਦਾ ਨਿਰਣਾ ਕਰ ਲਿਆ। ਮਿੰਟਾਂ ਵਿੱਚ ਹੀ ਛੇ ਵਿਜੰਤਾ ਟੈਂਕ ਸਰਾਵਾਂ ਤੇ ਦਰਬਾਰ ਸਾਹਿਬ ਦੇ ਵਿਚਕਾਰਲੀ ਸੜਕ ਉੱਤੇ ਆ ਪਰਗਟ ਹੋਏ। ਪਹਿਲਾਂ ਇੱਕ ਟੈਂਕ ਨੂੰ ਪਰਿਕਰਮਾ ਅੰਦਰ ਉਤਾਰਿਆ ਗਿਆ ਪਰ ਅਜਿਹੀ ਕਲਾ ਵਰਤੀ ਕਿ ਇਹ ਟੈਂਕ ਬਾਬਾ ਦੀਪ ਸਿੰਘ ਜੀ ਦੇ ਸੀਸ-ਭੇਟ ਅਸਥਾਨ ਕੋਲ ਜਾ ਕੇ ਜ਼ਮੀਨ ਅੰਦਰ ਧਸ ਗਿਆ।

ਫ਼ਿਰ ਇੱਕ ਹੋਰ ਟੈਂਕ ਲਿਆਂਦਾ ਗਿਆ। ਜੁਝਾਰੂ ਸਿੰਘਾਂ ਦੀਆਂ ਅੱਖਾਂ ਨੂੰ ਤਿੱਖੀ ਲਿਸ਼ਕੋਰ ਨਾਲ ਨਕਾਰਾ ਕਰ ਦੇਣ ਦੇ ਇਰਾਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਟੈਂਕਾਂ ਦੀਆਂ ਤੇਜ਼ ਰੌਸ਼ਨੀਆਂ (ਸਰਚ ਲਾਈਟਾਂ) ਮਾਰੀਆਂ ਗਈਆਂ। ਜਦ ਇਸ ਜੰਗੀ ਚਾਲ ਨਾਲ ਵੀ ਅਕਾਲ ਤਖ਼ਤ ਵੱਲੋਂ ਆਉਂਦੀ ਗੋਲ਼ੀਆਂ ਦੀ ਬੁਛਾੜ ਨਾ ਥੰਮੀ ਤਾਂ ਅਕਾਲ ਤਖ਼ਤ ਉੱਤੇ ਅੱਥਰੂ ਗੈਸ ਦੇ ਗੋਲ਼ਿਆਂ ਦੀ ਬਾਰਸ਼ ਕੀਤੀ ਗਈ ਪਰ ਜਦੋਂ ਅੱਥਰੂ ਗੈਸ ਵੀ ਆਪਣਾ ਕੋਈ ਖ਼ਾਸ ਅਸਰ ਨਾ



ਵਿਖਾ ਸਕੀ ਤਾਂ ਛਿੱਥੇ ਪਏ ਤੇ ਬੁਖਲਾਏ ਹੋਏ ਜਨਰਲ ਬਰਾੜ ਨੇ ਅਕਾਲ ਤਖ਼ਤ ਸਾਹਿਬ ਦੇ ਅੰਦਰ ਸੀ. ਐਸ. ਨਾਂ ਦੀ ਜ਼ਹਿਰੀਲੀ ਗੈਸ ਦੇ ਕਨਿਸਤਰ ਸੁੱਟਣ ਦਾ ਅਨੈਤਿਕ ਕਾਰਾ ਕੀਤਾ, ਹਾਲਾਂਕਿ ਸਰਬ-ਪਰਵਾਨਤ ਕੌਮਾਂਤਰੀ ਕਾਨੂੰਨਾਂ ਅਨੁਸਾਰ ਸੀ. ਐਸ. ਗੈਸ ਦੀ ਜੰਗ ਅੰਦਰ ਵਰਤੋਂ ਪੂਰੀ ਤਰ੍ਹਾਂ ਵਰਜਿਤ ਹੈ, ਪਰ ਜੁਝਾਰੂ ਸਿੰਘਾਂ ਨੇ ਦੁਸ਼ਮਣ ਦੀ ਹਰ ਜੰਗੀ ਚਾਲ ਨੂੰ ਪਛਾੜਦਿਆਂ ਹੋਇਆਂ ਫ਼ੌਜ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਪੇਸ਼ਕਦਮੀ ਨੂੰ ਲਗਾਤਾਰ ਡੱਕੀ ਰੱਖਿਆ।

ਅਖ਼ੀਰ ਵਿੱਚ ਟੈਂਕਾਂ ਨੇ ਹੋਰ ਨੇੜੇ ਜਾ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਉੱਤੇ ਗੋਲ਼ਿਆਂ ਦਾ ਝੱਖੜ ਝੁਲਾ ਦਿੱਤਾ। ਮਸ਼ੀਨਗੰਨਾਂ ਦੇ ਗੋਲ਼ਿਆਂ ਤੋਂ ਇਲਾਵਾ ਟੈਂਕ ਅੰਦਰ ਬੀੜੀ ਵੱਡੀ ਤੋਪ (105 ਮਿਲੀਮੀਟਰ) 'ਚੋਂ 'ਹੈਸ਼' (HESH) ਦੇ ਨਾਂ ਨਾਲ ਜਾਣੇ ਜਾਂਦੇ ਅਤੀ ਸ਼ਕਤੀਸ਼ਾਲੀ ਗੋਲ਼ਿਆਂ ਦੀ ਭਾਰੀ ਵਰਖਾ ਕੀਤੀ ਗਈ।

ਇਨ੍ਹਾਂ ਗੋਲ਼ਿਆਂ ਦੀ ਮਾਰ ਸਦਕਾ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਦੀਆਂ ਇਮਾਰਤਾਂ ਬੁਰੀ ਤਰ੍ਹਾਂ ਨੁਕਸਾਨੀਆਂ ਗਈਆਂ ਪਰ ਇਸ ਸਾਰੇ ਕਹਿਰ ਦੇ ਬਾਵਜੂਦ ਸ੍ਰੀ ਅਕਾਲ ਤਖ਼ਤ ਸਾਹਿਬ ਅੰਦਰ ਡਟੇ ਗਿਣਤੀ ਦੇ ਸਿੰਘ ਭਾਰਤੀ ਫ਼ੌਜ ਦਾ ਪੂਰੀ ਸੂਰਮਗਤੀ ਨਾਲ ਮੁਕਾਬਲਾ ਕਰਦੇ ਰਹੇ। ਕਮਾਂਡੋਆਂ ਨੇ ਪਰਿਕਰਮਾ ਦੀਆਂ ਉੱਤਰੀ ਤੇ ਦੱਖਣੀ, ਦੋਨੋਂ ਬਾਹੀਆਂ ਤੋਂ ਅਕਾਲ ਤਖ਼ਤ ਵੱਲ ਵਧਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ ਪਰ ਹਰ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਦਰਸ਼ਨੀ ਡਿਉਢੀ ਦੇ ਵਿਚਕਾਰਲਾ ਵਿਹੜਾ ਉਹਨਾਂ ਲਈ 'ਮੌਤ ਦਾ ਵਿਹੜਾ' (killing ground) ਸਿੱਧ ਹੁੰਦਾ ਰਿਹਾ।

ਬੰਬਈ ਤੋਂ ਸਮੁੰਦਰੀ ਸੈਨਾ ਦੇ ਉਚੇਚੇ ਤੌਰ 'ਤੇ ਲਿਆਂਦੇ ਗੋਤਾਖੋਰਾਂ ਨੇ ਸਰੋਵਰ ਦੀ ਓਟ ਲੈ ਕੇ ਅਕਾਲ ਤਖ਼ਤ ਸਾਹਿਬ ਤੱਕ ਪਹੁੰਚਣ ਦੇ ਕਈ ਯਤਨ ਕੀਤੇ ਪਰ ਉਹਨਾਂ ਵਿੱਚੋਂ ਇੱਕ ਜਣਾ ਵੀ ਪਰਿਕਰਮਾ ਪਾਰ ਨਾ ਕਰ ਸਕਿਆ। ਏਨੀਂ ਕਹਿਰ ਭਰੀ ਗੋਲ਼ਾਬਾਰੀ ਦੇ ਸਨਮੁੱਖ ਭਾਰਤੀ ਫ਼ੌਜ ਦੇ ਜਰਨੈਲਾਂ ਨੂੰ ਹੈਲੀਕੌਪਟਰਾਂ ਰਾਹੀਂ ਕਮਾਂਡੋ ਉਤਾਰਨ ਦਾ ਤਾਂ ਹੀਆ ਹੀ ਨਾ ਪਿਆ।

ਜਦੋਂ ਭਾਰੀ ਗੋਲ਼ਾਬਾਰੀ ਦੀ ਵਜ੍ਹਾ ਕਾਰਣ ਅਕਾਲ ਤਖ਼ਤ ਸਾਹਿਬ ਦੇ ਢਾਂਚੇ ਵਿੱਚ ਜਗ੍ਹਾ-ਜਗ੍ਹਾ ਵੱਡੇ ਮਘੋਰੇ ਖੁੱਲ੍ਹ ਗਏ ਸਨ ਅਤੇ ਭਾਰਤੀ ਫ਼ੌਜ ਸ਼ਿਸ਼ਟਾਚਾਰ ਦੇ ਉੱਚੇ ਨਿਯਮਾਂ ਨੂੰ ਛਿੱਕੇ ਟੰਗ ਕੇ ਇਹਨਾਂ ਰਾਹੀਂ ਮਣਾਂ-ਮੂੰਹੀਂ ਬਾਰੂਦ ਅੰਦਰ ਸੁੱਟ ਰਹੀ ਸੀ ਅਤੇ ਪਾਵਨ ਅਕਾਲ ਤਖ਼ਤ ਦੀਆਂ ਉੱਪਰਲੀਆਂ ਸਾਰੀਆਂ ਮੰਜ਼ਿਲਾਂ ਅੱਗ ਤੇ ਧੂੰਏਂ ਦੀ ਲਪੇਟ ਵਿੱਚ ਆਈਆਂ ਹੋਈਆਂ ਸਨ, ਉਦੋਂ ਵੀ ਅਕਾਲ ਤਖਤ ਸਾਹਿਬ ਦੀ ਹੇਠਲੀ ਮੰਜ਼ਿਲ ਵਿੱਚ ਡਟੇ ਜੁਝਾਰੂ ਸਿੰਘਾਂ ਨੇ ਲਗਾਤਾਰ ਜਚਵੀਂ ਟੱਕਰ ਦੇਣੀ ਜਾਰੀ ਰੱਖੀ। ਉਹ ਨਾ ਤੋਪਾਂ ਤੇ ਟੈਂਕਾਂ ਦੀ ਗੜਗੜਾਹਟ ਤੋਂ ਭੈ-ਭੀਤ ਹੋਏ ਸਨ, ਨਾ ਗਰਮੀ ਤੇ ਭੁੱਖ-ਤੇਹ ਦੀ ਕੋਈ ਪਰਵਾਹ ਮੰਨੀ ਸੀ, ਨਾ ਜ਼ਹਿਰੀਲੀਆਂ ਗੈਸਾਂ ਦਾ ਅਸਰ ਕਬੂਲਿਆ ਸੀ। ਤਿੰਨ ਦਿਨਾਂ ਤੱਕ ਉਹ ਬਿਨਾਂ ਰੁਕੇ, ਬਿਨਾਂ ਹੰਭੇ ਲਗਾਤਾਰ ਲੜਦੇ ਤੇ ਸ਼ਹੀਦ ਹੁੰਦੇ ਰਹੇ। ਉਹਨਾਂ ਦੀ ਅਡੋਲਤਾ ਹਾਰ-ਜਿੱਤ ਦੀਆਂ ਗਿਣਤੀਆਂ-ਮਿਣਤੀਆਂ ਨੂੰ ਪਾਰ ਕਰ ਚੁੱਕੀ ਸੀ।

ਉਹ ਇੰਵ ਲੜੇ ਜਿਵੇਂ ਇਤਿਹਾਸ ਦਾ ਸਾਰਾ ਜ਼ੋਰ ਉਹਨਾਂ ਦੀਆਂ ਰੂਹਾਂ ਤੇ ਜਿਸਮਾਂ ਅੰਦਰ ਸਮਾ ਗਿਆ ਹੋਵੇ। ਫ਼ੌਜੀਆਂ ਨੂੰ ਲੱਗਿਆ ਕੋਈ ਆਦਮੀ ਨਹੀਂ, ਕੋਈ ਨਿਰਭੈ ਸੁਰਤਿ ਜੰਗ ਲੜ ਰਹੀ ਸੀ। ਉਹਨਾਂ ਨੂੰ ਗੋਲ਼ੀਆਂ ਕਿਸੇ ਅਣਦੇਖੇ ਮੰਡਲ ਵਿੱਚੋਂ ਆਉਂਦੀਆਂ ਪ੍ਰਤੀਤ ਹੋਈਆਂ। ਦੁਸ਼ਮਣ ਨੂੰ ਸਿੰਘਾਂ ਦੀ ਗਿਣਤੀ ਦਾ ਸੁਆਲ ਬਿਲਕੁਲ ਭੁੱਲ ਗਿਆ ਸੀ। ਸਿੰਘ ਕਿਸੇ ਨਿਰਭੈ ਆਸਨ ਉੱਤੇ ਬੈਠ ਕੇ ਯੁੱਧ ਲੜ ਰਹੇ ਸਨ। ਉਹਨਾਂ ਦੀ ਉੱਚੀ ਸੁਰਤਿ ਮੌਤ ਦੇ ਕੰਢੇ ਤੱਕ



ਪਹੁੰਚ ਕੇ ਲੜ ਰਹੀ ਸੀ, ਇੱਕ ਤਰ੍ਹਾਂ ਨਾਲ ਮੌਤ ਨਾਲ ਖੇਡ ਰਹੀ ਸੀ।

ਗਿਣਤੀ ਦਾ ਸੁਆਲ ਹੀ ਮੁੱਕ ਗਿਆ ਸੀ; ਜੰਗ ਦੇ ਮਾਅਨੇ ਹੀ ਬਦਲ ਗਏ ਸਨ। ਇਹ ਸਾਰੇ ਹੀ ਸਿੰਘ ਬਹੁਤ ਹੀ ਚੜ੍ਹਦੀ ਕਲਾ ਵਾਲੇ ਸਨ, ਸੰਤ ਜਰਨੈਲ ਸਿੰਘ ਨੇ ਚੁਣ-ਚੁਣ ਕੇ ਤੈਨਾਤ ਕੀਤੇ ਸਨ। ਫ਼ੌਜੀ ਰਣਨੀਤੀ ਜਨਰਲ ਸੁਬੇਗ ਸਿੰਘ ਨੇ ਤਿਆਰ ਕੀਤੀ ਸੀ ਪਰ ਕਿਹੜੇ ਸਿੰਘ ਨੂੰ ਕਿਸ ਮੋਰਚੇ ਉੱਤੇ ਤੈਨਾਤ ਕਰਨਾ ਹੈ, ਇਹ ਫ਼ੈਸਲਾ ਉਸ ਨੇ ਸੰਤਾਂ ਉੱਤੇ ਛੱਡ ਦਿਤਾ ਸੀ ਕਿਉਂਕਿ ਸੰਤ ਜੀ ਹੀ ਹਰ ਇੱਕ ਸਿੰਘ ਦੇ ਭਰੋਸੇ ਤੇ ਸਿਦਕ ਦੇ ਰਾਜ਼ਦਾਨ ਸਨ। ਇਸ ਲਈ ਉਹਨਾਂ ਨੇ ਅਕਾਲ ਤਖ਼ਤ ਸਾਹਿਬ ਦੀ ਰਾਖੀ ਦਾ ਜ਼ਿੰਮਾ ਉਹਨਾਂ ਸਿੰਘਾਂ ਨੂੰ ਸੌਂਪਿਆ ਸੀ ਜਿਨ੍ਹਾਂ ਦੀ ਗੁਰੂ ਵਿੱਚ ਸ਼ਰਧਾ ਏਨੀਂ ਪੂਰਨ ਤੇ ਅਡੋਲ ਸੀ ਕਿ ਹਰ ਸਿੰਘ ਮੋਰਚੇ ਉੱਤੇ ਡਟਿਆ ਇਹ ਮਹਿਸੂਸ ਕਰ ਰਿਹਾ ਸੀ ਕਿ ਉਹ ਨਹੀਂ, ਉਸ ਦੀ ਥਾਂਵੇਂ ਗੁਰੂ ਆਪ ਲੜ ਰਿਹਾ ਸੀ। ਉਸ ਘੜੀ ਉਹਨਾਂ ਦੇ ਮਨ ਵਾਹਿਗੁਰੂ ਦੇ ਹੁਕਮ ਤੇ ਬਖ਼ਸ਼ਿਸ਼ ਨਾਲ ਅਭੇਦ ਸਨ।

ਸੰਤ ਜਰਨੈਲ ਸਿੰਘ ਮੌਤ ਦੇ ਝੁਲਦੇ ਝੱਖੜਾਂ ਵਿੱਚ ਵੀ ਅਕਾਲ ਤਖ਼ਤ ਸਾਹਿਬ ਦੇ ਅੰਦਰ ਹਰ ਮੋਰਚੇ ਉੱਤੇ ਗੇੜਾ ਮਾਰਦੇ ਰਹੇ, ਸਿੰਘਾਂ ਨੂੰ ਪੂਰੇ ਜਾਹੋ-ਜਲਾਲ ਵਿੱਚ ਲੜਦਿਆਂ ਵੇਖ ਕੇ ਨਿਹਾਲ ਹੁੰਦੇ ਰਹੇ, ਉਹਨਾਂ ਨੂੰ ਲਾਡ-ਭਰੀਆਂ ਨਜ਼ਰਾਂ ਨਾਲ ਵੇਖਦੇ ਰਹੇ ਅਤੇ ਇਸ ਤਰ੍ਹਾਂ ਉਹਨਾਂ ਅੰਦਰ ਇਲਾਹੀ ਜੋਸ਼ ਪੈਦਾ ਕਰਦੇ ਰਹੇ। ਸਿੰਘਾਂ ਨੇ ਭਾਰੀ ਗਿਣਤੀ ਤੇ ਉੱਤਮ ਹਥਿਆਰਾਂ ਦੇ ਗ਼ੁਮਾਨ ਨਾਲ ਆਫ਼ਰੇ ਹੋਏ ਹਾਕਮਾਂ ਨੂੰ ਪਰਤੱਖ ਕਰ ਕੇ ਦਿਖਾ ਦਿੱਤਾ ਸੀ ਕਿ ਜੰਗ ਗਿਣਤੀਆਂ ਵਿਚਕਾਰ ਨਹੀਂ ਲੜੀ ਜਾਂਦੀ, ਨਿਰੀ ਹਥਿਆਰਾਂ ਦੇ ਬਲ਼ ਨਾਲ ਵੀ ਨਹੀਂ ਲੜੀ ਜਾਂਦੀ; ਜੰਗ ਰੂਹਾਂ ਦੇ ਜ਼ੋਰ ਨਾਲ ਲੜੀ ਜਾਂਦੀ ਹੈ!

ਜਨਰਲ ਸੁਬੇਗ ਸਿੰਘ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ, ਮੁੱਖ ਪਰਵੇਸ਼-ਦੁਆਰ ਵਿੱਚੋਂ ਫ਼ੌਜ ਦਾ ਦਾਖਲਾ ਰੋਕਣ ਲਈ ਜੁਝਾਰੂ ਸਿੰਘਾਂ ਨੂੰ ਮੌਕੇ 'ਤੇ ਆਪ ਸਿੱਧੀ ਅਗਵਾਈ ਤੇ ਹੱਲਾਸ਼ੇਰੀ ਦੇਣ ਲਈ ਹਾਜ਼ਰ ਰਹੇ। ਦੇਰ ਰਾਤ ਗਏ ਉਹ ਉਸ ਜਗ੍ਹਾ ਹੀ ਦੁਸ਼ਮਣ ਦੀਆਂ ਗੋਲ਼ੀਆਂ ਦੀ ਜ਼ੱਦ ਵਿੱਚ ਆ ਗਏ ਅਤੇ ਬੇਹੱਦ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ। ਰਾਤ ਦੇ ਹਨੇਰੇ ਵਿੱਚ ਸਿੰਘ ਉਹਨਾਂ ਨੂੰ ਚੁੱਕ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਤਹਿਖਾਨੇ ਵਿੱਚ ਲੈ ਗਏ। ਅੰਮ੍ਰਿਤ ਵੇਲੇ ਦੇ ਲਗਭਗ ਉਹਨਾਂ ਉੱਥੇ ਹੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਹਾਜ਼ਰੀ ਵਿੱਚ, ਆਪਣੇ ਸੁਆਸ ਤਿਆਗ ਦਿੱਤੇ। ਉਸ ਵੇਲੇ ਤਕ, ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਨ ਤੇ ਸ਼ਾਨ ਦੀ ਰਾਖੀ ਕਰਦੇ ਹੋਏ ਹੋਰ ਵੀ ਬਹੁਤ ਸਾਰੇ ਜੁਝਾਰੂ ਸਿੰਘ ਸ਼ਹੀਦ ਹੋ ਚੁੱਕੇ ਸਨ।

6 ਜੂਨ ਦੀ ਸਵੇਰ ਨੂੰ, 9 ਵਜੇ ਦੇ ਕਰੀਬ, ਸੰਤ ਜਰਨੈਲ ਸਿੰਘ ਜੀ ਨੇ ਆਪਣੇ ਗਿਣਤੀ ਦੇ ਬਚੇ ਹੋਏ ਸਿੰਘਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਇਕੱਠਿਆਂ ਕਰ ਕੇ ਸਾਰੇ ਹਾਲਾਤ, ਜੋ ਸਾਰਿਆਂ ਨੂੰ ਹੀ ਸਪਸ਼ਟ ਹੋ ਚੁੱਕੇ ਸਨ, ਤੋਂ ਜਾਣੂੰ ਕਰਵਾਇਆ ਅਤੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਸੂਰਤ ਵਿੱਚ ਭਾਰਤੀ ਫ਼ੌਜ ਨੂੰ ਲੋਹੇ ਦੇ ਚਨੇ ਚਬਾਉਣ ਦੇ ਆਪਣੇ ਪ੍ਰਣ ਉੱਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਹੋਇਆਂ, ਗੁਰੂ ਦੇ ਪਾਵਨ ਚਰਨਾਂ ਵਿੱਚ ਸ਼ਹਾਦਤ ਦਾ ਜਾਮ ਪੀਣ ਦੀ ਸੁਲੱਖਣੀ ਘੜੀ ਦੇ ਆ ਪਹੁੰਚਣ ਦਾ ਐਲਾਨ ਕੀਤਾ। ਕੁਝ ਸਿੰਘਾਂ ਨੇ ਸੰਤ ਜੀ ਨੂੰ, ਸਿੱਖ ਕੌਮ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸੁਯੋਗ ਅਗਵਾਈ ਦੇਣ ਲਈ, ਦੁਸ਼ਮਣ ਦੇ ਘੇਰੇ 'ਚੋਂ ਬਚ ਕੇ ਨਿਕਲ ਜਾਣ ਦੀ ਬੇਨਤੀ ਕੀਤੀ। ਘੇਰੇ 'ਚੋਂ ਬਚ ਕੇ ਨਿਕਲ ਜਾਣ ਦੇ ਰਸਤੇ ਭਾਵੇਂ ਅਜੇ ਵੀ ਖੁੱਲ੍ਹੇ ਸਨ (ਕੁਝ ਸਿੰਘ ਸਾਂਝੀ ਰਜ਼ਾ ਨਾਲ ਘੇਰੇ 'ਚੋਂ ਨਿਕਲ ਵੀ ਗਏ ਸਨ) ਪ੍ਰੰਤੂ ਸੰਤ ਜਰਨੈਲ ਸਿੰਘ ਜੀ ਨੇ ਗੁਰੂ ਦੇ ਪਿਆਰੇ ਸਿੰਘਾਂ ਦੀ ਇਹ ਬੇਨਤੀ ਨਿਮਰਤਾ ਤੇ ਦ੍ਰਿੜ੍ਹਤਾ ਨਾਲ ਠੁਕਰਾ ਦਿੱਤੀ ਅਤੇ ਗੁਰੂ ਦੇ ਪਵਿੱਤਰ ਚਰਨਾਂ ਵਿੱਚ ਸੀਸ ਵਾਰਨ ਦੇ ਆਪਣੇ ਅਡੋਲ ਇਰਾਦੇ ਨੂੰ



ਆਪਣੇ ਅੰਤਮ ਫ਼ੈਸਲੇ ਵਜੋਂ ਸਪਸ਼ਟ ਦੱਸ ਦਿੱਤਾ। ਇਸ ਉਪਰੰਤ ਸਿੰਘਾਂ ਨੇ ਇਹੋ ਬੇਨਤੀ ਭਾਈ ਅਮਰੀਕ ਸਿੰਘ ਅੱਗੇ ਦੁਹਰਾਈ।

ਭਾਈ ਸਾਹਿਬ ਹੁਰਾਂ ਸੱਚਖੰਡ ਤੱਕ ਸੰਤ ਜੀ ਦਾ ਸਾਥ ਨਿਭਾਉਣ ਦੀ ਆਪਣੀ ਤੀਬਰ ਇੱਛਾ ਤੇ ਪ੍ਰਣ ਤੋਂ ਕਿਸੇ ਵੀ ਸੂਰਤ ਪਿੱਛੇ ਨਾ ਹਟਣ ਦਾ ਅਡੋਲ ਫ਼ੈਸਲਾ ਸੁਣਾਉਂਦਿਆਂ ਹੋਇਆਂ ਸ਼ਹੀਦੀ ਕਰਮਕੱਸੇ ਕਰਨੇ ਸ਼ੁਰੂ ਕਰ ਦਿੱਤੇ। ਸੰਤ ਜਰਨੈਲ ਸਿੰਘ ਜੀ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭੋਰੇ ਅੰਦਰ ਮੌਜੂਦ ਡੇਢ ਦਰਜਨ ਦੇ ਕਰੀਬ ਧਰਮੀ ਸੂਰਬੀਰਾਂ ਦੇ ਹੱਥ ਇੱਕਾ-ਇੱਕ ਅਰਦਾਸ ਲਈ ਜੁੜੇ। ਅਰਦਾਸ ਹੋਈ ਅਤੇ ਬੁਲੰਦ ਆਵਾਜ਼ ਵਿੱਚ ਜੈਕਾਰਾ ਛੱਡਣ ਤੋਂ ਬਾਅਦ ਉਹੀ ਹੱਥ ਮੁੜ ਤੋਂ ਆਪੋ-ਆਪਣੇ ਹਥਿਆਰਾਂ ਦੇ ਮੁੱਠਿਆਂ ਨੂੰ ਜਾ ਜੁੜੇ। ਸਾਰਿਆਂ ਨੇ ਇੱਕ ਵਾਰ ਫ਼ਿਰ ਆਖ਼ਰੀ ਵਾਰੀ ਬਾਬਾ ਦੀਪ ਸਿੰਘ, ਬਾਬਾ ਗੁਰਬਖਸ਼ ਸਿੰਘ ਅਤੇ ਹੋਰਨਾਂ ਹਜ਼ਾਰਾਂ ਸਿੰਘ-ਸੂਰਮਿਆਂ, ਜਿਨ੍ਹਾਂ ਨੇ ਆਪਣੀਆਂ ਜਾਨਾਂ ਨਾਲੋਂ ਵੱਧ ਪਿਆਰੇ ਸ੍ਰੀ ਦਰਬਾਰ ਸਾਹਿਬ ਦੀ ਅਜ਼ਮਤ ਦੀ ਰੱਖਿਆ ਕਰਦੇ ਹੋਏ ਆਪਣੀਆਂ ਜ਼ਿੰਦਗੀਆਂ ਨਿਛਾਵਰ ਕਰ ਦਿੱਤੀਆਂ ਸਨ, ਦੀ ਪਵਿੱਤਰ ਯਾਦ ਨੂੰ ਆਪਣੇ ਹਿਰਦਿਆਂ ਅੰਦਰ ਧਿਆਇਆ। ਸਾਰਾ ਮਾਹੌਲ ਸ਼ਹਾਦਤ ਦੇ ਜ਼ੋਸ਼ ਤੇ ਚਾਉ ਨਾਲ ਛਲਕ ਉੱਠਿਆ। ਉਸ ਵਕਤ ਉਹਨਾਂ ਵਿੱਚੋਂ ਹਰ ਸਿੰਘ ਸਿਦਕ ਤੇ ਜਲਾਲ ਦੀ ਸਾਕਾਰ ਮੂਰਤ ਬਣ ਗਿਆ।

ਅੱਗੇ-ਅੱਗੇ ਸੰਤ ਤੇ ਪਿੱਛੇ-ਪਿੱਛੇ ਉਹਨਾਂ ਦੇ ਸਿਦਕੀ ਸਿੰਘ ਜੈਕਾਰੇ ਗੁਜਾਉਂਦੇ ਸਾਹਮਣੇ ਵਾਲੇ ਵਿਹੜੇ ਵਿੱਚ ਇਸ ਤਰ੍ਹਾਂ ਨਿਕਲ ਆਏ ਜਿਵੇਂ ਕੋਈ ਵਜਦ ਦਾ ਦਰਿਆ ਚੜ੍ਹ ਆਇਆ ਹੋਵੇ। ਸੰਤ ਜਰਨੈਲ ਸਿੰਘ ਜੀ ਨੇ ਆਪਣਾ ਮੁੱਖ ਸਿੱਧਾ ਸ੍ਰੀ ਦਰਬਾਰ ਸਾਹਿਬ ਵੱਲ ਕਰ ਲਿਆ ਅਤੇ ਲਿਵ ਅਕਾਲ-ਪੁਰਖ ਦੇ ਹੁਕਮ ਨਾਲ ਜੋੜ ਲਈ। ਉਹ ਦੈਵੀ ਆਵੇਸ਼ ਨਾਲ ਕੁਝ ਕਦਮ ਅੱਗੇ ਵਧੇ ।ਚੁਫ਼ੇਰਿਓਂ ਗੋਲ਼ੀਆਂ ਤੇ ਗਰਨੇਡਾਂ ਦੀ ਤੇਜ਼ ਬੁਛਾੜ ਹੋਈ ਅਤੇ ਅਜੋੜ ਸੂਰਮੇ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖੀ ਦੇ ਵਿਰਸੇ ਦੀ ਲਾਜ ਪਾਲ਼ਦੇ ਤੇ ਆਪਣਾ ਬਚਨ ਨਿਭਾਉਂਦੇ ਹੋਏ ਅਕਾਲ ਤਖ਼ਤ ਸਾਹਿਬ ਦੇ ਥੜ੍ਹੇ ਤੋਂ ਦਰਸ਼ਨੀ ਡਿਓਢੀ ਦੀ ਤਰਫ਼ ਕੁਝ ਕੁ ਗਜ਼ਾਂ ਦੀ ਦੂਰੀ ਉੱਤੇ ਸ਼ਹੀਦ ਹੋ ਗਏ।ਭਾਈ ਅਮਰੀਕ ਸਿੰਘ ਤੇ ਕੁੱਝ ਹੋਰ ਸਿੰਘਾਂ ਨੇ ਸਿੱਧਾ ਨਿਸ਼ਾਨ ਸਾਹਿਬਾਨ ਵੱਲ ਰੁਖ ਕੀਤਾ ਅਤੇ ਉਹ ਸਾਰੇ ਗੁਰੂ ਘਰ ਦੀ ਰੱਖਿਆ ਕਰਦੇ ਹੋਏ ਉਥੇ ਹੀ ਗੁਰੂ ਨੂੰ ਪਿਆਰੇ ਹੋ ਗਏ।

ਇਸ ਤਰ੍ਹਾਂ ਸਾਰੇ ਸਿੰਘਾਂ ਦੇ ਸ਼ਹੀਦ ਹੋ ਜਾਣ ਤੋਂ ਬਾਅਦ ਭਾਰਤੀ ਫ਼ੌਜ ਨੇ ਜਦੋਂ ਡਰਦੇ-ਡਰਦੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਦਰ ਪਰਵੇਸ਼ ਕੀਤਾ ਤਾਂ ਅੰਦਰ ਦੀ ਝਾਕੀ ਵੇਖ ਕੇ ਉਹਨਾਂ ਦੇ ਸਾਹ ਸੂਤੇ ਗਏ ਸਨ। ਪਹਿਲੀ ਮੰਜ਼ਿਲ ਦਾ ਫਰਸ਼ ਲਹੂ ਨਾਲ ਲੱਥ-ਪੱਥ ਹੋਇਆ ਪਿਆ ਸੀ ਅਤੇ ਉਂਗਲਾਂ ਉੱਤੇ ਗਿਣਨ ਜੋਗੇ ਸਿੰਘਾਂ ਦੀਆਂ ਮਿਰਤਕ ਦੇਹਾਂ ਦੇ ਇਰਦ-ਗਿਰਦ ਮਸ਼ੀਨਗੰਨਾਂ ਦੇ ਚੱਲੇ ਹੋਏ ਕਾਰਤੂਸਾਂ ਦੇ ਖੋਖਿਆਂ ਦੇ ਅੰਬਾਰ ਲੱਗੇ ਪਏ ਸਨ। ਜਨਰਲ ਬਰਾੜ ਦੇ ਮੂੰਹੋਂ ਸਹਿਮੀ ਹੋਈ ਆਵਾਜ਼ ਵਿੱਚ ਆਪ-ਮੁਹਾਰੇ ਇਹ ਸ਼ਬਦ ਨਿਕਲ ਗਏ ਕਿ 'ਮੈਂ ਆਪਣੇ ਸਾਰੇ ਫ਼ੌਜੀ ਜੀਵਨ ਅੰਦਰ ਐਨੀ ਕਹਿਰ ਭਰੀ ਗੋਲ਼ਾਬਾਰੀ ਨਹੀਂ ਵੇਖੀ -1965 ਦੀ ਜੰਗ ਦੌਰਾਨ ਵੀ ਨਹੀਂ!' ਚਾਰ-ਪੰਜ ਕੁ ਦਰਜਨ ਸਿੰਘਾਂ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਦੁਸ਼ਮਣ ਦੇ ਲਸ਼ਕਰਾਂ ਨੂੰ 70 ਤੋਂ ਵੱਧ ਘੰਟਿਆਂ ਤੱਕ ਅਕਾਲ ਤਖ਼ਤ ਸਾਹਿਬ ਵੱਲ ਵਧਣ ਤੋਂ ਰੋਕੀ ਰੱਖਿਆ ਸੀ।

5-6 ਜੂਨ ਦੀ ਕਹਿਰ ਦੀ ਰਾਤ ਉਹਨਾਂ ਦੀਆਂ ਮਸ਼ੀਨਗੰਨਾਂ ਨੇ ਬਿਨਾਂ ਸਾਹ ਲਿਆਂ ਏਨੀਂ ਤਾਬੜਤੋੜ ਗੋਲ਼ੀਬਾਰੀ ਕੀਤੀ ਸੀ ਕਿ ਉਹਨਾਂ ਦੀਆਂ ਨਾਲੀਆਂ ਗਰਮ ਹੋ ਕੇ ਪਿਘਲ ਜਾਣ ਦੇ ਕੰਢੇ ਪਹੁੰਚ ਗਈਆਂ ਸਨ।ਭਾਰਤੀ ਫ਼ੌਜ ਦੇ ਜਰਨੈਲ ਇਸ ਗੱਲੋਂ ਹੈਰਾਨ ਹੋ ਰਹੇ ਸਨ ਕਿ ਥੋੜ੍ਹੇ



ਜਿਹੇ ਵਰਗ ਗਜ਼ ਥਾਂ ਵਿੱਚ ਘਿਰੇ ਏਨੇਂ ਥੋੜ੍ਹੇ ਸਿੰਘਾਂ ਵਿੱਚ ਮਰ-ਮਿਟਣ ਦਾ ਏਨਾਂ ਤੀਬਰ ਜੋਸ਼ ਤੇ ਜਜ਼ਬਾ ਕਿੱਥੋਂ ਆ ਟਪਕਿਆ ਸੀ ਕਿ ਉਹਨਾਂ ਵਿੱਚੋਂ ਹਰ ਇੱਕ ਨੇ ਆਖ਼ਰੀ ਸਾਹ ਲੈਣ ਤੱਕ ਪੂਰੇ ਜਾਹੋ-ਜਲਾਲ ਨਾਲ ਗੋਲ਼ੀ ਚਲਾਉਣੀ ਜਾਰੀ ਰੱਖੀ ਸੀ। ਜੋ ਗ਼ਜ਼ਬ ਉਹਨਾਂ ਦੀਆਂ ਮਸ਼ੀਨਗੰਨਾਂ ਨੇ ਢਾਹਿਆ, ਉਸ ਨਾਲ ਧਾੜਵੀ ਫੌਜਾਂ ਦੇ ਦਿਲ ਦਹਿਲ ਗਏ। ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਪੈ ਰਹੀ ਕਿ ਇਹਨਾਂ ਬੇਜਾਨ ਵਸਤੂਆਂ ਅੰਦਰ ਵੀ ਏਨਾਂ ਆਵੇਸ਼ ਕਿੱਥੋਂ ਜਾਗ ਪਿਆ ਸੀ ਕਿ ਇਹਨਾਂ ਨੇ ਜੰਗ ਦੇ ਸਾਰੇ ਨਿਯਮਾਂ ਨੂੰ ਮਾਤ ਦੇ ਦਿੱਤੀ ਸੀ! ਉਹ ਪਿਘਲ ਜਾਣ ਦੇ ਨੇੜੇ ਪਹੁੰਚ ਕੇ ਵੀ ਗ਼ਜ਼ਬ ਪੈਦਾ ਕਰਦੀਆਂ ਰਹੀਆਂ ਸਨ।

ਅਸਲ ਵਿੱਚ ਸਾਰੀ ਜੰਗ ਦੀ 'ਕੈਮਿਸਟਰੀ' ਤੇ 'ਅਲਜੈਬਰਾ' ਭਾਰਤੀ ਫ਼ੌਜ ਦੇ ਜਰਨੈਲਾਂ ਦੀ ਸਮਝ ਤੋਂ ਬਾਹਰ ਦੀ ਗੱਲ ਸੀ। ਜੰਗ ਦੋ ਗਿਣਤੀਆਂ ਵਿਚਕਾਰ ਨਹੀਂ ਲੜੀ ਜਾ ਰਹੀ ਸੀ। ਇੱਕ ਪਾਸੇ ਪੱਖਪਾਤੀ ਦੇਸ਼ਭਗਤੀ ਦਾ ਝੂਠਾ ਪੱਖ ਤੇ ਸੌੜਾ ਜਜ਼ਬਾ ਸੀ ਅਤੇ ਦੂਜੇ ਬੰਨੇ ਆਤਮਿਕ ਚੇਤਨਾ ਦਾ ਮਾਹੌਲ ਤੇ ਰੂਹਾਨੀਅਤ ਦਾ ਜਲਵਾ ਪਸਰਿਆ ਹੋਇਆ ਸੀ। ਕਿਸੇ ਵੀ ਪੱਖ ਤੋਂ ਵੇਖਿਆਂ ਇਹ ਜੰਗ ਸਿੱਖ ਇਤਿਹਾਸ ਦਾ ਗੌਰਵਸ਼ਾਲੀ ਤੇ ਯਾਦਗਾਰੀ ਕਾਂਡ ਹੋ ਨਿੱਬੜੀ ਹੈ। ਇਸ ਜੰਗ ਵਿੱਚ ਸ਼ਹੀਦ ਹੋਏ ਸਿੰਘ-ਸੂਰਮੇ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਤੇ ਬਾਬਾ ਗੁਰਬਖ਼ਸ਼ ਸਿੰਘ ਵਾਂਗ ਹੀ ਕੌਮ ਦੇ ਮਿਸਾਲੀ ਸ਼ਹੀਦ ਹਨ। ਇਸ ਲਈ ਇਹਨਾਂ ਸ਼ਹੀਦਾਂ ਵਾਂਗ ਹੀ ਉਹਨਾਂ ਦੀ ਯਾਦਗਾਰ ਵੀ ਅਜਿਹੀ ਮਿਸਾਲੀ ਹੋਣੀ ਚਾਹੀਦੀ ਹੈ, ਜਿਹੜੀ ਉਹਨਾਂ ਦੀ ਸੂਰਮਗਤੀ ਤੇ ਸਿਦਕ-ਜਲਾਲ ਨੂੰ ਪੂਰਨਤਾ ਸਹਿਤ ਰੂਪਮਾਨ ਕਰਦੀ ਹੋਵੇ। ਯਾਦਗਾਰ ਦਾ ਸਥਾਨ (location) ਤੇ ਨਮੂਨਾ/ਢਾਂਚਾ (design) ਇਸ ਗੱਲ ਨੂੰ ਸਾਹਮਣੇ ਰੱਖ ਕੇ ਹੀ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ।

ਕੀ ਇਹ ਗੱਲ ਜ਼ਰੂਰੀ ਨਹੀਂ ਹੈ ਕਿ ਇਹਨਾਂ ਅਮਰ ਸ਼ਹੀਦਾਂ ਦੀ ਯਾਦਗਾਰ ਅਜਿਹੀ ਥਾਂ ਉੱਤੇ ਅਤੇ ਅਜਿਹੇ ਨਮੂਨੇ ਦੀ ਬਣਾਈ ਜਾਵੇ ਕਿ ਉਸ ਵਿੱਚੋਂ ਇਸ ਸੂਰਮਗਤੀ-ਭਰੀ ਜੰਗ ਦੇ ਪਿੱਛੇ ਕੰਮ ਕਰਦੀ ਸਪਿਰਿਟ ਅਤੇ ਸ਼ਹਾਦਤ ਦਾ ਜਜ਼ਬਾ ਰੂਪਮਾਨ ਹੁੰਦਾ ਹੋਵੇ ਅਤੇ ਨਾਲ ਹੀ ਇਹ ਵੇਖਣ ਵਾਲਿਆਂ ਦੇ ਮਨਾਂ ਉੱਤੇ ਇਹਨਾਂ ਸ਼ਹਾਦਤਾ ਦੇ ਹਾਣ ਦਾ ਬੀਰ-ਰਸੀ ਪ੍ਰਭਾਵ ਛੱਡਦੀ ਹੋਵੇ!



# ਜਾਂਬਾਜ਼ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

ਜੋ ਕੌਮ ਆਪਣੇ ਸ਼ਹੀਦਾਂ ਨੂੰ ਭੁੱਲ ਜਾਂਦੀ ਹੈ ਉਹ ਰੁਲ ਜਾਂਦੀ ਹੈ। ਇਸ ਲਈ ਕੌਮ ਲਈ ਲਾਜ਼ਮੀ ਹੈ ਕਿ ਉਨ੍ਹਾਂ ਸ਼ਹੀਦਾਂ, ਜਿਨ੍ਹਾਂ ਨੇ ਧਰਮ ਅਤੇ ਸੱਭਿਆਚਾਰਕ ਵਿਰਸੇ ਦੀ ਰੱਖਿਆ ਕਰਦੇ ਹੋਏ ਆਪਣੀਆਂ ਜਾਨਾਂ ਨਿਛਾਵਰ ਕਰ ਦਿੱਤੀਆਂ ਹਨ, ਲਈ ਢੁਕਵੀਂ ਯਾਦਗਾਰ ਕਾਇਮ ਕਰੇ। ਅਜਿਹੇ ਹੀ ਇੱਕ ਮਹਾਨ ਸ਼ਹੀਦ ਹਨ ਸੰਤ-ਸਿਪਾਹੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਜਿਨ੍ਹਾਂ ਨੇ ਖ਼ਾਲਸਾ ਪੰਥ ਦੀ ਰੱਖਿਆ ਕਰਦਿਆਂ ਆਪਣੀ ਜਾਨ ਵਾਰ ਦਿੱਤੀ।

ਜਦ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਦਮਦਮੀ ਟਕਸਾਲ ਦਾ ਮੁਖੀ ਥਾਪਿਆ ਗਿਆ ਤਾਂ ਉਹ ਕੇਵਲ 30 ਵਰ੍ਹਿਆਂ ਦੇ ਸਨ। ਦਮਦਮੀ ਟਕਸਾਲ ਦੇ ਇੱਕ ਸ਼ਰਧਾਲੂ ਬਾਬਾ ਜੋਗਿੰਦਰ ਸਿੰਘ ਨੂੰ ਅਕਾਲ ਪੁਰਖ ਨੇ ਸੱਤ ਪੁੱਤਰਾਂ ਦੀ ਬਖ਼ਸ਼ਿਸ਼ ਕੀਤੀ ਸੀ ਜਿਨ੍ਹਾਂ ਵਿੱਚ ਸਭ ਤੋਂ ਛੋਟੇ ਜਰਨੈਲ ਸਿੰਘ ਸਨ। ਉਨ੍ਹਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ, ਰੋਡੇ ਵਿਖੇ ਮੁੱਢਲੀ ਪੜਾਈ ਕੀਤੀ।

ਦਮਦਮੀ ਟਕਸਾਲ ਦੇ ਤਤਕਾਲੀ ਜਥੇਦਾਰ ਸੰਤ ਗੁਰਬਚਨ ਸਿੰਘ ਅਕਸਰ ਰੋਡੇ ਜਾਇਆ ਕਰਦੇ ਸਨ। ਇੱਕ ਦਿਨ ਉਨ੍ਹਾਂ ਦੀ ਨਜ਼ਰ ਜਰਨੈਲ ਸਿੰਘ ਤੇ ਪਈ ਅਤੇ ਉਨ੍ਹਾਂ ਨੇ ਪਰਖਿਆ ਕਿ ਜਰਨੈਲ ਸਿੰਘ ਵਿੱਚ ਅਦੁੱਤੀ ਰੂਹਾਨੀ ਨੂਰ ਸੀ ਅਤੇ ਸ਼ਸਤਰ ਵਿੱਦਿਆ ਵੱਲ ਵੀ ਝੁਕਾਅ ਸੀ। ਉਹ ਜਰਨੈਲ ਸਿੰਘ ਦੀ ਰੂਹ-ਖਿੱਚਵੀਂ ਸ਼ਖ਼ਸੀਅਤ ਤੋਂ ਏਨੇਂ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਬਾਬਾ ਜੋਗਿੰਦਰ ਸਿੰਘ ਤੋਂ ਜਰਨੈਲ ਸਿੰਘ ਨੂੰ ਦਮਦਮੀ ਟਕਸਾਲ ਦੀ ਸੇਵਾ ਲਈ ਮੰਗ ਲਿਆ। ਬਾਬਾ ਜੋਗਿੰਦਰ ਸਿੰਘ ਇੱਕ ਸ਼ਰਧਾਵਾਨ ਸਿੰਘ ਸਨ ਅਤੇ ਉਨ੍ਹਾਂ ਨੇ ਬਿਨਾਂ ਝਿਜਕ ਰਜ਼ਾਮੰਦੀ ਦੇ ਦਿੱਤੀ।

ਸੰਤ ਗੁਰਬਚਨ ਸਿੰਘ, ਜਰਨੈਲ ਸਿੰਘ ਨੂੰ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਪਿੰਡ ਭਿੰਡਰ ਕਲਾਂ ਲੈ ਗਏ ਜਿੱਥੇ ਦਮਦਮੀ ਟਕਸਾਲ ਦਾ ਮੁੱਖ ਕੇਂਦਰ ਸੀ। ਉੱਥੇ ਜਰਨੈਲ ਸਿੰਘ ਨੂੰ ਖੰਡੇ ਦੀ ਪਾਹੁਲ ਛਕਾਈ ਗਈ। ਜਰਨੈਲ ਸਿੰਘ ਅੰਮ੍ਰਿਤਧਾਰੀ ਤੇ ਸ਼ਸਤਰਧਾਰੀ ਹੋ ਨਿੱਬੜਿਆ ਅਤੇ ਗੁਰੂ ਗੋਬਿੰਦ ਸਿੰਘ ਪਿਤਾ ਦਾ ਇੱਕ ਲਾਸਾਨੀ ਸੰਤ-ਸਿਪਾਹੀ ਬਣ ਗਿਆ। ਅੰਮ੍ਰਿਤਪਾਨ ਕਰਨ ਤੋਂ ਪਹਿਲਾਂ ਵੀ ਜਰਨੈਲ ਸਿੰਘ ਨਿੱਤਨੇਮ ਕਰਿਆ ਕਰਦੇ ਸਨ। ਆਪਣੀ ਖੇਤੀ ਕਰਦਿਆਂ ਵੀ ਉਹ ਜਪੁਜੀ ਸਾਹਿਬ ਪੜ੍ਹਿਆ ਕਰਦੇ ਸਨ। ਜਰਨੈਲ ਸਿੰਘ ਸਿਰਫ਼ 19 ਸਾਲਾਂ ਦੇ ਸਨ ਜਦ ਉਨ੍ਹਾਂ ਦਾ ਵਿਆਹ ਬੀਬੀ ਪ੍ਰੀਤਮ ਕੌਰ ਨਾਲ ਹੋਇਆ ਜੋ ਕਿ ਸੁੱਚਾ ਸਿੰਘ ਦੀ ਬੇਟੀ ਸੀ ਅਤੇ ਪਰਿਵਾਰ ਪਿੰਡ ਬਿਲਾਸਪੁਰ ਦਾ ਰਹਿਣ ਵਾਲਾ ਸੀ।

ਸੰਤ ਜਰਨੈਲ ਸਿੰਘ ਸਿੱਖ ਕੌਮੀ ਸਫ਼ਾਂ 'ਤੇ ਉਸ ਵੇਲੇ ਸਾਹਮਣੇ ਆਏ ਜਦ ਖ਼ਾਲਸਾ ਪੰਥ ਇੱਕ ਬੜੇ ਨਾਜ਼ੁਕ ਦੌਰ ਵਿੱਚੋਂ ਗੁਜ਼ਰ ਰਿਹਾ ਸੀ। ਉਸ ਵਕਤ ਬਹੁਤ ਸਾਰੀਆਂ ਤਾਕਤਾਂ ਸਿੱਖਾਂ ਦੇ ਧਾਰਮਕ ਅਤੇ ਸੱਭਿਆਚਾਰਕ ਵਿਰਸੇ 'ਤੇ ਹਮਲਾ ਕਰ ਰਹੀਆਂ ਸਨ ਤੇ ਸਿੱਖ ਗੁਰੂ ਸਾਹਿਬਾਨ ਦੀ ਦੇਣ ਅਤੇ ਪਵਿੱਤਰਤਾ ਨੂੰ ਸ਼ਰ੍ਹੇਆਮ ਬਿਨਾਂ ਰੋਕ ਦੇ ਵੰਗਾਰਿਆ ਜਾ ਰਿਹਾ ਸੀ।

ਇਨ੍ਹਾਂ ਹਮਲਿਆਂ ਵਿੱਚ ਸਿਰਮੌਰ ਸੀ ਅਖੌਤੀ-ਨਿਰੰਕਾਰੀਆਂ ਦਾ ਧੜਾ। ਇਨ੍ਹਾਂ ਨੇ ਅਤੇ ਇਨ੍ਹਾਂ ਦੇ ਆਕਿਆਂ ਨੇ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਦੁਰਕਾਰਿਆ ਅਤੇ ਗੁਰੂ ਸਾਹਿਬਾਨ ਦੇ ਰੁਤਬੇ ਨੂੰ ਨਾ ਕੇਵਲ ਛੁਟਿਆਇਆ ਬਲਕਿ ਉਸ ਦਾ ਮਜ਼ਾਕ ਵੀ ਉਡਾਇਆ। ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਹੋਂਦ 'ਤੇ ਵੀ ਪ੍ਰਸ਼ਨ ਚਿੰਨ੍ਹ ਲਗਾਏ।



ਹੈਰਾਨੀ ਦੀ ਗੱਲ ਇਹ ਸੀ ਕਿ ਜਦ ਇਹ ਸਭ ਕੁਝ ਹੋ ਰਿਹਾ ਸੀ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਨ੍ਹਾਂ ਨਫ਼ਰਤੀ ਮੁਹਿੰਮਾਂ ਅਤੇ ਵੰਗਾਰਾਂ ਨੂੰ ਅੱਖੋਂ ਓਹਲੇ ਕਰ ਦਿੱਤਾ ਅਤੇ ਬਿਲਕੁਲ ਨੋਟਿਸ ਨਹੀਂ ਲਿਆ।

ਅਖ਼ੌਤੀ-ਨਿਰੰਕਾਰੀਆਂ ਨੂੰ ਕਾਂਗਰਸ ਪਾਰਟੀ ਅਤੇ ਭਾਰਤੀ ਨਿਜ਼ਾਮ ਦੀ ਪੂਰੀ ਰਹਿਨੁਮਾਈ ਅਤੇ ਗੁਪਤ ਮਦਦ ਹਾਸਲ ਸੀ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਉਨ੍ਹਾਂ ਦੇ ਮਨਸੂਬਿਆਂ ਅਤੇ ਕਾਰਵਾਈਆਂ ਨੂੰ ਮੂਕ ਦਰਸ਼ਕ ਬਣ ਕੇ ਦੇਖ ਰਹੀ ਸੀ।

ਸਿੱਖ ਵਿਰੋਧੀ ਲਹਿਰ, ਜੋ ਪੰਜਾਬ ਵਿਚ ਪ੍ਰਫੁੱਲਤ ਹੋ ਰਹੀ ਸੀ, ਨੂੰ ਰੋਕਣ ਦਾ ਤਹਹੀਆ ਦਮਦਮੀ ਟਕਸਾਲ ਨੇ ਕੀਤਾ। ਸੰਤ ਕਰਤਾਰ ਸਿੰਘ ਦੀ ਨੌਜਵਾਨ ਅਗਵਾਈ ਦੇ ਤਹਿਤ ਅਖ਼ੌਤੀ-ਨਿਰੰਕਾਰੀ ਲਹਿਰ ਦੀਆਂ ਸਿੱਖ-ਵਿਰੋਧੀ ਕਾਰਵਾਈਆਂ ਦਾ ਡਟ ਕੇ ਮੁਕਾਬਲਾ ਕੀਤਾ ਗਿਆ। 16 ਅਗਸਤ 1977 ਨੂੰ ਇੱਕ ਹਾਦਸੇ ਵਿੱਚ ਗੰਭੀਰ ਜ਼ਖ਼ਮੀ ਹੋਣ ਉਪਰੰਤ ਸੰਤ ਕਰਤਾਰ ਸਿੰਘ ਅਕਾਲ ਚਲਾਣਾ ਕਰ ਗਏ।

ਅਖ਼ੌਤੀ-ਨਿਰੰਕਾਰੀ ਲਗਾਤਾਰ ਸਿੱਖੀ ਦਾ ਨਿਰਾਦਰ ਕਰ ਰਹੇ ਸਨ। ਸੰਤ ਕਰਤਾਰ ਸਿੰਘ ਤੋਂ ਬਾਅਦ ਅਖ਼ੌਤੀ-ਨਿਰੰਕਾਰੀਆਂ ਖ਼ਿਲਾਫ਼ ਵਿੱਢੀ ਲੜਾਈ ਸੰਤ ਜਰਨੈਲ ਸਿੰਘ ਦੀ ਜ਼ਿੰਮੇਵਾਰੀ ਬਣ ਗਈ। ਉਨ੍ਹਾਂ ਦੇ ਸੰਘਰਸ਼ ਦਾ ਨਿਸ਼ਾਨਾ ਭਾਰਤ ਸਰਕਾਰ ਵੱਲ ਵੀ ਕੇਂਦਰਤ ਹੋ ਗਿਆ ਕਿਉਂਕਿ ਸਿੱਖਾਂ ਖਿਲਾਫ਼ ਵਿਤਕਰੇ ਜਾਰੀ ਸਨ। ਸਿੱਖਾਂ ਨਾਲ ਦੂਜੇ ਦਰਜੇ ਦੇ ਸ਼ਹਿਰੀ ਵਾਂਗ ਵਿਹਾਰ ਕੀਤਾ ਜਾ ਰਿਹਾ ਸੀ ਅਤੇ ਭਾਰਤ ਸਰਕਾਰ ਇਨ੍ਹਾਂ ਸਿੱਖ-ਵਿਰੋਧੀ ਤਾਕਤਾਂ ਦੀ ਪੁਸ਼ਤ-ਪਨਾਹੀ ਕਰ ਰਹੀ ਸੀ।

ਇੱਕ ਹੋਰ ਝੂਠਾ ਧਾਰਮਕ ਧੜਾ ਸੀ ਰਾਧਾਸਵਾਮੀਆਂ ਦਾ। ਉਨ੍ਹਾਂ ਨੇ ਵੀ ਖ਼ਾਲਸੇ ਦੀ ਵਿਲੱਖਣਤਾ ਅਤੇ ਖ਼ਾਲਸਈ ਸੋਚ ਨੂੰ ਰੱਦ ਕੀਤਾ ਸੀ। ਇਹ ਦੋਵੇਂ ਧੜੇ, ਅਖ਼ੌਤੀ ਨਿਰੰਕਾਰੀ ਅਤੇ ਰਾਧਾਸਵਾਮੀ, ਸ਼ਰ੍ਹੇਆਮ ਆਪਣੀ ਸਿੱਖ-ਵਿਰੋਧੀ ਨਫ਼ਰਤ-ਭਰਪੂਰ ਮੁਹਿੰਮ ਚਲਾ ਰਹੇ ਸਨ।

ਬਹਾਦਰ ਜਰਨੈਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆ ਨੇ ਇਹ ਨਿਸ਼ਚਾ ਕੀਤਾ ਕਿ ਉਹ ਇਸ ਹਮਲੇ ਦਾ ਟਾਕਰਾ ਕਰਨਗੇ। ਉਨ੍ਹਾਂ ਦੀ ਸ਼ਖ਼ਸੀਅਤ ਦੇ ਪ੍ਰਭਾਵ ਨੇ ਅਵੇਸਲੇ ਹੋਏ ਖ਼ਾਲਸੇ ਨੂੰ ਕੁੰਭਕਰਨੀ ਨੀਂਦਰ ਚੋਂ ਜਗਾ ਦਿੱਤਾ ਜਿਸ ਸਦਕਾ ਖ਼ਾਲਸੇ ਦੇ ਜੀਵਨ ਵਿੱਚ ਦਸਮ ਪਾਤਸ਼ਾਹ ਦੇ ਮੁੱਢਲੇ ਸਿਧਾਂਤ ਅਤੇ ਖ਼ਾਲਸਈ ਜੋਸ਼ ਮੁੜ ਸੁਰਜੀਤ ਹੋ ਗਏ।

ਖ਼ਾਲਸਾ ਪੰਥ ਦਾ ਇਸ ਤਰ੍ਹਾਂ ਪੁਨਰ-ਸੁਰਜੀਤ ਹੋਣਾ ਕੇਂਦਰ ਸਰਕਾਰ ਨੂੰ ਹਰਗਿਜ਼ ਬਰਦਾਸ਼ਤ ਨਹੀਂ ਸੀ ਅਤੇ ਉਨ੍ਹਾਂ ਨੇ ਸਿੱਖਾਂ ਦੇ ਇਸ ਇਨਕਲਾਬੀ ਬਦਲਾਅ ਨੂੰ ਨੇਸਤੋਨਾਬੂਤ ਕਰਨ ਲਈ ਮਨਸੂਬੇ ਘੜਨੇ ਸ਼ੁਰੂ ਕਰ ਦਿੱਤੇ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ 'ਤੇ ਭਾਰਤ ਸਰਕਾਰ ਦਾ ਆਪਣੀਆਂ ਫ਼ੌਜਾਂ ਭੇਜ ਕੇ ਜ਼ੋਰਦਾਰ ਹਮਲਾ ਕਰਨਾ ਉਸ ਮਨਸੂਬੇ ਦਾ ਹੀ ਪਹਿਲਾ ਵੱਡਾ ਕਦਮ ਸੀ। ਅਕਾਲ ਤਖ਼ਤ ਸਾਹਿਬ ਨੂੰ ਢਾਹ-ਢੇਰੀ ਕਰਨਾ ਖ਼ਾਲਸਾ ਪੰਥ ਦੇ ਜਜ਼ਬੇ ਅਤੇ ਇੱਛਾ ਸ਼ਕਤੀ ਨੂੰ ਦਬਾਉਣ ਦਾ ਯਤਨ ਸੀ। ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ 'ਤੇ ਮਾਰੀ ਹਰ ਇੱਕ ਗੋਲ਼ੀ ਨੇ ਹਰ ਇੱਕ ਸਿੱਖ ਦਾ ਹਿਰਦਾ ਵਿੰਨ੍ਹ ਦਿੱਤਾ। ਨਿਰਸੰਦੇਹ, ਸਿੱਖ ਕੌਮ ਡੂੰਘੀ ਜ਼ਖ਼ਮੀ ਹੋ ਗਈ।

ਇਸ ਘੋਲ ਦੇ ਵਿੱਚ ਹੋਈ ਗਹਿਗੱਚ ਲੜਾਈ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਲਾਸਾਨੀ



ਬਹਾਦਰੀ ਨਾਲ, ਬੇਸ਼ੁਮਾਰ ਸ਼ਸਤਰਾਂ ਨਾਲ ਲੈਸ ਭਾਰਤੀ ਫ਼ੌਜ ਦਾ ਮੁਕਾਬਲਾ ਕਰਦੇ ਹੋਏ ਆਪਣੀ ਜਾਨ ਨਿਛਾਵਰ ਕਰ ਗਏ। ਇਸ ਤਰ੍ਹਾਂ ਉਹ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਹੋ ਨਿੱਬੜੇ। ਉਨ੍ਹਾਂ ਨਾਲ ਸੈਂਕੜੇ ਹੋਰ ਸਿੰਘ-ਸਿੰਘਣੀਆਂ ਵੀ ਸ਼ਹੀਦ ਹੋਏ।

ਇਸ ਲਈ ਲੋੜ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ ਦੀ ਸ਼ਹਾਦਤ ਨੂੰ ਸਮਰਪਤ ਇੱਕ ਢੁਕਵੀਂ ਯਾਦਗਾਰ ਉਸਾਰੇ। ਇਹ ਯਾਦਗਾਰ ਅਕਾਲ ਤਖ਼ਤ ਸਾਹਿਬ ਦੇ ਨੇੜੇ ਹੋਣੀ ਚਾਹੀਦੀ ਹੈ ਜਿੱਥੇ ਉਹ ਸ਼ਹੀਦ ਹੋਏ। ਸਮੁੱਚੀ ਕੌਮ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸਤਿਕਾਰ ਦੇਣਾ ਬਣਦਾ ਹੈ। ਇਹ ਯਾਦਗਾਰ ਸੰਤ ਜਰਨੈਲ ਸਿੰਘ ਅਤੇ ਨਾਲ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੀ ਕੁਰਬਾਨੀ ਦਾ ਪ੍ਰਤੀਕ ਹੋਵੇਗੀ, ਉਨ੍ਹਾਂ ਨੂੰ ਅਮਰ ਕਰ ਦੇਵੇਗੀ ਅਤੇ ਸਿੱਖਾਂ ਲਈ ਇਸ ਗੱਲ ਦਾ ਪ੍ਰੇਰਨਾ-ਸਰੋਤ ਹੋਵੇਗੀ ਕਿ ਜਿਊਣਾ ਅਣਖ ਨਾਲ ਹੈ ਅਤੇ ਮਰਨਾ ਸ਼ਾਨ ਨਾਲ।



# ਸਾਕਾ ਦਰਬਾਰ ਸਾਹਿਬ ਯਾਦਗਾਰ ਕਿੱਥੇ ਉਸਾਰੀ ਜਾਵੇ?

ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਨੂੰ ਯਾਦਗਾਰ ਕਿੱਥੇ ਉਸਾਰੀ ਜਾਵੇ ਇਸ ਬਾਬਤ ਵੱਖ-ਵੱਖ ਤਰੀਕਿਆਂ ਰਾਹੀਂ ਵਿਚਾਰ ਪ੍ਰਾਪਤ ਹੋਏ। ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਨੇ ਸੰਸਾਰ ਭਰ ਦੀ ਸੰਗਤ ਦੇ ਜਿੰਨੇ ਵੱਡੇ ਹਿੱਸੇ ਤਾਈਂ ਪਹੁੰਚ ਕਰ ਸਕਦੀ ਸੀ ਉਸ ਦੀ ਰਾਇ ਲੈ ਕੇ, ਸ਼ਹੀਦਾਂ ਦੀ ਯਾਦਗਾਰ ਲਈ ਇੱਹ ਤਜਵੀਜ਼ ਤਿਆਰ ਕੀਤੀ ਹੈ।

ਕਮੇਟੀ ਨੂੰ ਜ਼ੋਰਦਾਰ ਢੰਗ ਨਾਲ ਜਵਾਬ ਪ੍ਰਾਪਤ ਹੋਇਆ ਕਿ ਢੁਕਵੀਂ ਯਾਦਗਾਰ ਕੇਵਲ ਪਰਿਕਰਮਾ ਵਿੱਚ ਹੀ ਬਣੇ ਅਤੇ ਰਣਭੂਮੀ, ਜੋ ਕਿ ਅਕਾਲ ਤਖ਼ਤ ਅਤੇ ਦਰਸ਼ਨੀ ਡਿਓਢੀ ਵਿਚਲਾ ਵਿਹੜਾ ਹੈ, ਦੇ ਨੇੜੇ ਹੀ ਹੋ ਸਕਦੀ ਹੈ। ਯਾਦਗਾਰ ਦੀ ਕਿਸਮ, ਦਿੱਖ ਅਤੇ ਉਸ ਵਿੱਚ ਦਿਖਾਈਆਂ ਜਾਣ ਵਾਲੀਆਂ ਵਸਤਾਂ ਸਬੰਧੀ ਵੀ ਵਿਚਾਰ ਪ੍ਰਾਪਤ ਹੋਏ। ਲਗਭਗ ਸਾਰੇ ਇਸ ਵਿੱਚ, ਅੱਜ-ਕੱਲ੍ਹ ਪ੍ਰਾਪਤ ਵੱਖ-ਵੱਖ ਸਾਧਨਾਂ ਰਾਹੀਂ, ਜੂਨ 1984 ਦੀ ਜੰਗ ਦੇ ਦ੍ਰਿਸ਼ ਵਿਖਾਏ ਜਾਣ ਦੇ ਹੱਕ ਵਿੱਚ ਸਨ।

ਕਮੇਟੀ ਯਾਦਗਾਰ ਦੀ ਉਸਾਰੀ ਵਿੱਚ ਮਦਦ ਕਰਨ ਲਈ ਇੱਕ ਵਿਸਤ੍ਰਿਤ ਸਰਬ-ਪੱਖੀ ਵਿਚਾਰ-ਵਟਾਂਦਰਾ ਕਰਨ ਦੇ ਹੱਕ ਵਿਚ ਹੈ। ਕਮੇਟੀ ਇਛੁੱਕ ਹੈ ਕਿ ਕੌਮੀ ਸਫ਼ਾਂ ਵਿੱਚ ਇਸ ਯਾਦਗਾਰ ਦੀ ਰੂਪ-ਰੇਖਾ, ਉਸ ਵਿੱਚ ਪ੍ਰਦਰਸ਼ਤ ਕਰਨ ਵਾਲੀਆਂ ਵਸਤਾਂ ਅਤੇ ਉਸਾਰੀ ਲਈ ਵਰਤੀ ਜਾਣ ਵਾਲੀ ਸਾਮਗਰੀ (ਅੱਜ-ਕੱਲ੍ਹ ਵਰਤੀ ਜਾਂਦੀ ਗ਼ੈਰ-ਰਵਾਇਤੀ ਇਮਾਰਤੀ ਸਾਮਗਰੀ) ਵੀ ਸੰਜੀਦਗੀ ਨਾਲ ਵਿਚਾਰ-ਵਟਾਂਦਰਾ ਹੋਵੇ। ਕਮੇਟੀ ਯਾਦਗਾਰ ਦੀ ਉਸਾਰੀ ਵਿੱਚ ਮਦਦ ਕਰਨ ਲਈ ਇੱਕ ਵਿਸਤ੍ਰਿਤ ਸਰਬ-ਪੱਖੀ ਯੋਜਨਾ 'ਤੇ ਕੰਮ ਕਰਨ ਦੀ ਤਜਵੀਜ਼ ਕਰਦੀ ਰੱਖੇਗੀ।

ਹੁਣ ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖ਼ਤ ਦੁਆਰਾ ਨਾਮਜ਼ਦ ਕਮੇਟੀ ਨੇ ਜਨਤਕ ਤੋਰ ਤੇ ਕੋਈ ਰਿਪੋਰਟ ਜਾਰੀ ਨਹੀਂ ਕੀਤੀ ਹੈ।

ਸਾਕਾ ਦਰਬਾਰ ਸਾਹਿਬ ਦੌਰਾਨ ਸ਼ਹੀਦ ਸਿੰਘਾਂ ਦੀ ਯਾਦਗਾਰ ਪਰਿਕਰਮਾ ਵਿੱਚ ਅਕਾਲ ਤਖ਼ਤ, ਦਰਸ਼ਨੀ ਡਿਓਢੀ ਅਤੇ ਮੀਰੀ-ਪੀਰੀ ਨਿਸ਼ਾਨ ਸਾਹਿਬ ਦੇ ਵਿਚਕਾਰ ਜੋ ਵਿਹੜਾ ਹੈ ਉਸ ਦੇ ਨੇੜੇ ਹੀ ਹੋ ਸਕਦੀ ਹੈ। ਸੰਤ ਜਰਨੈਲ ਸਿੰਘ ਅਤੇ ਉਹਨਾਂ ਦੇ ਅਮਰ ਸਾਥੀਆਂ ਦੀ ਢੁਕਵੀਂ ਯਾਦਗਾਰ ਕੇਵਲ ਇਹਨਾਂ ਤਿੰਨਾਂ ਸਥਾਨਾਂ ਦੁਆਰਾ ਘਿਰੇ ਵਿਹੜੇ ਦੇ ਨੇੜੇ ਹੀ ਉਸਾਰੀ ਜਾ ਸਕਦੀ ਹੈ।

ਹੋਰ ਨਿਸ਼ਚਿਤ ਰੂਪ ਵਿੱਚ ਇਹਦੇ ਲਈ ਕੋਠਾ ਸਾਹਿਬ ਵਾਲੇ ਪਾਸਿਉਂ ਪੌੜੀਆਂ ਉੱਤਰੀਏ ਤਾਂ ਅਕਾਲ ਤਖ਼ਤ ਦੇ ਸੱਜੇ ਪਾਸੇ ਸਥਿਤ ਦਰਵਾਜ਼ੇ, ਜਿਸ ਨੂੰ ਬੁੰਗਾ ਸ਼ੇਰ ਸਿੰਘ (ਅੰਤਿਕਾ 6 ਵਿੱਚ ਰੱਖੀਆਂ ਤਸਵੀਰਾਂ ਦੇਖੋ ਜੀ) ਵਜੋਂ ਜਾਣਿਆ ਜਾਂਦਾ ਹੈ, ਨੂੰ ਵਿਚਕਾਰ ਰੱਖਦਿਆਂ ਇਸ ਵਿੱਚ ਪਰਿਕਰਮਾ ਦਾ ਉਹ ਹਿੱਸਾ ਜਿੱਥੇ ਦਰਸ਼ਨੀ ਡਿਓਢੀ ਦੇ ਪੁਰਾਣੇ ਦਰਵਾਜ਼ੇ ਸੁਸ਼ੋਭਿਤ ਹਨ, ਦੀ ਉੱਪਰਲੀ ਇਮਾਰਤ ਅਤੇ ਬੁੰਗਾ ਸ਼ੇਰ ਸਿੰਘ ਦੇ ਦੂਸਰੇ ਪਾਸੇ ਦੀ ਏਨੀਂ ਹੀ ਜਗ੍ਹਾ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

ਇਸ ਦਾ ਇੱਕ ਹਿੱਸਾ ਇੱਕ ਦਰਮਿਆਨੇ ਆਕਾਰ ਦੀ ਬਸੰਤੀ (ਗੁਰੂ ਗੋਬਿੰਦ ਸਿੰਘ ਜੀ ਦੇ ਜੰਗੀ ਝੰਡਿਆਂ ਦਾ ਰੰਗ) ਸਿਲ਼ ਵੀ ਹੋ ਸਕਦੀ ਹੈ ਜਿਹੜੀ ਕਿ ਪਰਿਕਰਮਾ ਵਿੱਚ ਬਿਲਕੁਲ ਉਸ ਥਾਂ ਜੜੀ ਜਾ ਸਕਦੀ ਹੈ ਜਿੱਥੇ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂਵਾਲੇ ਸਦਾ ਲਈ ਗੁਰੂ



ਦੀ ਸੁਖਦ ਗੋਦ ਵਿੱਚ ਜਾ ਸਮਾਏ। ਕਮੇਟੀ ਇੱਛੁਕ ਹੈ ਅਤੇ ਆਸ ਰੱਖਦੀ ਹੈ ਕਿ ਅੰਤਮ ਫ਼ੈਸਲਾ ਲਏ ਜਾਣ ਤੋਂ ਪਹਿਲਾਂ ਕਮੇਟੀ ਨਾਲ ਸਲਾਹ-ਮਸ਼ਵਰਾ ਕੀਤਾ ਜਾਵੇ।

ਜਿਹੜੀ ਵੀ ਯਾਦਗਾਰ ਬਣਾਈ ਜਾਵੇ ਉਹ ਲਾਜ਼ਮੀ ਆਪਣੇ ਉਦੇਸ਼ ਦੀ ਇਖ਼ਲਾਕੀ ਸ਼ਾਨੋ-ਸ਼ੌਕਤ, ਲੋਕ-ਜਰਨੈਲਾਂ ਅਤੇ ਯੋਧਿਆਂ ਦੇ ਫ਼ੌਲਾਦੀ ਇਰਾਦੇ ਅਤੇ ਗੁਰੂ-ਦਰਬਾਰ, ਜਿਸ ਨੂੰ ਗੁਰੂ ਵੱਲੋਂ ਆਰੰਭੀ ਨਵ-ਜੀਵਨ ਪ੍ਰਦਾਨ ਕਰਨ ਵਾਲੀ ਸੱਭਿਅਤਾ ਦਾ ਸਦੀਵੀ ਖ਼ੁਦਮੁਖ਼ਤਿਆਰ ਕੇਂਦਰ-ਬਿੰਦੂ ਸਥਾਪਤ ਕੀਤਾ ਗਿਆ ਹੈ, ਉੱਤੇ ਹਮਲੇ ਦਾ ਮੁਕਾਬਲਾ ਕਰਨ ਦੀ ਅਸਾਧਾਰਨ ਦ੍ਰਿੜ੍ਹਤਾ ਨੂੰ ਸਾਕਾਰ ਕਰਦੀ ਹੋਵੇ।

ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਯਾਦਗਾਰ ਦਾ ਅਜਿਹਾ ਸੰਕਲਪ ਦੇ ਰਹੀ ਹੈ ਜੋ ਮੁਕੰਮਲ ਤੌਰ 'ਤੇ ਬਿਨਾ ਦਖ਼ਲਅੰਦਾਜ਼ੀ ਪਰਿਕਰਮਾ ਦੀ ਰਵਾਇਤੀ ਇਮਾਰਤੀ ਸੁੰਦਰਤਾ ਨੂੰ ਕਾਇਮ ਰੱਖੇਗੀ, ਚੌਗਿਰਦੇ ਨਾਲ ਇੱਕ-ਮਿੱਕ ਹੋਵੇਗੀ ਅਤੇ ਕੋਈ ਅਜਿਹੀ ਥਾਂ ਨਹੀਂ ਘੇਰੇਗੀ ਜਿਸ ਨਾਲ ਇਹ ਨਿੱਖੜਵੀਂ ਜਾਪੇ। ਇਹ ਜੰਗੀ ਦ੍ਰਿਸ਼ਾਂ ਨੂੰ ਇੰਨ-ਬਿੰਨ ਦਰਸਾਏਗੀ ਅਤੇ ਗੁਰੂ ਦੇ ਯੋਧਿਆਂ ਦੇ ਅਡੋਲ ਜਜ਼ਬੇ ਨਾਲ ਮੇਲ ਖਾਂਦਾ ਅਲੌਕਿਕ ਪ੍ਰਭਾਵ ਸਿਰਜੇਗੀ। ਇਹ ਕੋਈ ਥਾਂ ਨਾ ਮੱਲਦੀ ਪ੍ਰਤੀਤ ਹੋਵੇਗੀ ਕਿਉਂਕਿ ਸਾਡੇ ਸ਼ਹੀਦ ਵੀ ਕੋਈ ਥਾਂ ਨਹੀਂ ਸਨ ਮੱਲਣਾ ਚਾਹੁੰਦੇ।



# ਸ਼ਹੀਦੀ ਯਾਦਗਾਰ: ਕਦੋਂ ਕੀ ਹੋਇਆ?

1. ਫ਼ਰਵਰੀ 20, 2002 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਵਿੱਚ ਜੂਨ 1984 ਦੇ ਸ਼ਹੀਦਾਂ ਦੀ ਯਾਦਗਾਰ ਬਣਾਉਣ ਦਾ ਮਤਾ ਪਾਸ ਹੋਇਆ।

2. ਜੂਨ 6, 2003 ਨੂੰ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਅਤੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦਾ ਸ਼ਹੀਦੀ ਦਿਹਾੜਾ ਦਲ ਖ਼ਾਲਸਾ ਨੇ ਹੋਰਨਾਂ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਮੰਜੀ ਸਾਹਿਬ ਦੀਵਾਨ ਵਿਖੇ ਮਨਾਇਆ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹਾਜ਼ਰੀ ਵਿੱਚ ਸਮੂਹ ਜਥੇਬੰਦੀਆਂ ਨੇ ਸ਼ਹੀਦੀ ਯਾਦਗਾਰ ਉਸਾਰਨ ਲਈ ਮਤਾ ਪਾਸ ਕੀਤਾ।

3. ਜਨਵਰੀ 2004 ਨੂੰ ਦਲ ਖ਼ਾਲਸਾ ਦੇ ਇੱਕ ਵਫ਼ਦ ਨੇ ਅਨੰਦਪੁਰ ਸਾਹਿਬ ਵਿਖੇ ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਮੁਲਾਕਾਤ ਕਰ ਕੇ ਸ਼ਹੀਦੀ ਯਾਦਗਾਰ ਉਸਾਰਨ ਦੀ ਮੰਗ ਕੀਤੀ।

4. ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਵੀ ਸ਼ਹੀਦੀ ਯਾਦਗਾਰ ਦਾ ਮੁੱਦਾ ਵੱਖ-ਵੱਖ ਮੌਕਿਆਂ ਉੱਤੇ ਅਸਰਦਾਰ ਢੰਗ ਨਾਲ ਉਠਾਇਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ, ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਅਤੇ ਵੱਖ-ਵੱਖ ਮੁਲਕਾਂ ਵਿੱਚ ਸਿੱਖ ਸੰਗਤਾਂ ਨੂੰ ਇਸ ਮੁੱਦੇ ਤੋਂ ਜਾਣੂੰ ਕਰਵਾਉਂਦੇ ਰਹੇ ਹਨ। ਹਰ ਸਾਲ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਦੇ ਪ੍ਰੋਗਰਾਮਾਂ ਦੌਰਾਨ ਇਸ ਬਾਬਤ ਮਤਾ ਪਾਸ ਕੀਤਾ ਜਾਂਦਾ ਰਿਹਾ ਹੈ।

5. ਮਈ 27, 2005 ਨੂੰ ਅਨੰਦਪੁਰ ਸਾਹਿਬ ਵਿਖੇ ਹੋਈ ਬੀਬੀ ਜਗੀਰ ਕੌਰ ਦੀ ਪ੍ਰਧਾਨਗੀ ਹੇਠ ਮੀਟਿੰਗ ਦੌਰਾਨ ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਯਾਦਗਾਰ ਦਾ ਨੀਂਹ ਪੱਥਰ ਰੱਖਣ ਲਈ 6 ਜੂਨ ਦਾ ਦਿਨ ਮਿਥਿਆ ਪਰ ਆਖ਼ਰੀ ਪਲ਼ਾਂ ਉੱਤੇ ਇਹ ਪ੍ਰੋਗਰਾਮ ਅਣਦੱਸੇ ਕਾਰਣਾਂ ਕਰਕੇ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਗਿਆ।

6. ਜੂਨ 5, 2005 ਨੂੰ ਦਲ ਖ਼ਾਲਸਾ ਨੇ ਘੱਲੂਘਾਰਾ ਯਾਦਗਾਰੀ ਮਾਰਚ ਕੀਤਾ ਅਤੇ ਸ਼ਹੀਦੀ ਯਾਦਗਾਰ ਬਣਾਉਣ ਦੀ ਮੰਗ ਦੁਹਰਾਈ।

7. ਜੂਨ 3, 2009 ਨੂੰ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਖ਼ਾਲਸਾ ਐਕਸ਼ਨ ਕਮੇਟੀ, ਦਲ ਖ਼ਾਲਸਾ, ਅਕਾਲ ਫ਼ੈਡਰੇਸ਼ਨ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਖ਼ਾਲਸਾ ਮਿਸ਼ਨ ਕਮੇਟੀ, ਸਿੱਖ ਯੂਥ ਔਵ ਪੰਜਾਬ, ਗੁਰ ਆਸਰਾ ਟਰੱਸਟ, ਬਾਬਾ ਬਲਜੀਤ ਸਿੰਘ ਦਾਦੂਵਾਲ, ਭਾਈ ਜਸਬੀਰ ਸਿੰਘ ਰੋਡੇ ਨੇ ਸ਼੍ਰੋਮਣੀ ਕਮੇਟੀ ਨੂੰ ਸ਼ਹੀਦੀ ਯਾਦਗਾਰ ਸਬੰਧੀ ਸਾਂਝੇ ਤੌਰ 'ਤੇ ਯਾਦ-ਪੱਤਰ ਦਿੱਤਾ।

8. ਮਈ 24, 2010 ਨੂੰ ਦਲ ਖ਼ਾਲਸਾ ਨੇ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਸ਼ਹੀਦੀ ਯਾਦਗਾਰ ਬਾਰੇ ਯਾਦ-ਪੱਤਰ ਦਿੱਤਾ।

9. ਜੂਨ 3, 2010 ਤੋਂ 6 ਜੂਨ 2010 ਤੱਕ ਦਲ ਖ਼ਾਲਸਾ ਨੇ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ 72 ਘੰਟੇ ਧਰਨਾ ਦਿੱਤਾ ਅਤੇ ਸ਼ਹੀਦੀ ਯਾਦਗਾਰ ਬਣਵਾਉਣ ਲਈ ਸ਼੍ਰੋਮਣੀ ਕਮੇਟੀ ਉੱਤੇ ਦਬਾਅ ਪਾਇਆ। ਦਲ ਖ਼ਾਲਸਾ ਆਗੂ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ 72 ਘੰਟੇ ਭੁੱਖ ਹੜਤਾਲ ਵੀ ਰੱਖੀ।

10. ਮਈ 6, 2011 ਨੂੰ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਨੇ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਸ਼ਹੀਦੀ ਗੈਲਰੀ ਖੋਲ੍ਹਣ ਅਤੇ ਸ਼ਹੀਦੀ ਯਾਦਗਾਰ ਬਣਾਉਣ ਬਾਰੇ ਯਾਦ-ਪੱਤਰ ਦਿੱਤਾ।

11. ਮਈ 12, 2011 ਨੂੰ ਪੰਥਕ ਸੇਵਾ ਲਹਿਰ ਦੇ ਮੁਖੀ ਬਾਬਾ ਬਲਜੀਤ ਸਿੰਘ ਦਾਦੂਵਾਲ ਅਤੇ



ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਹਰਪਾਲ ਸਿੰਘ ਚੀਮਾ ਨੇ ਸਿੱਖ ਜੁਝਾਰੂ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਚਿੱਠੀ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਸੌਂਪੀ ਜਿਸ ਵਿੱਚ ਭਾਈ ਰਾਜੋਆਣਾ ਨੇ ਸ਼ਹੀਦੀ ਯਾਦਗਾਰ ਬਣਾਉਣ ਦੀ ਮੰਗ ਕੀਤੀ ਹੋਈ ਹੈ।

12. ਮਈ 27, 2011 ਨੂੰ ਦਲ ਖ਼ਾਲਸਾ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਖ਼ਾਲਸਾ ਐਕਸ਼ਨ ਕਮੇਟੀ ਅਤੇ ਪੰਥਕ ਸੇਵਾ ਲਹਿਰ ਦੇ ਸੱਦੇ ਉੱਤੇ ਸਿੱਖ ਜਥੇਬੰਦੀਆਂ ਦੀ ਇਕੱਤਰਤਾ ਜਲੰਧਰ ਵਿਖੇ ਹੋਈ। ਇਕੱਠ ਵਿੱਚ ਜਥੇਬੰਦੀਆਂ ਵੱਲੋਂ ਸ਼੍ਰੋਮਣੀ ਕਮੇਟੀ ਨੂੰ 6 ਜੂਨ 2011 ਤੱਕ ਸ਼ਹੀਦੀ ਯਾਦਗਾਰ ਉਸਾਰਨ ਦਾ ਫ਼ੈਸਲਾ ਲੈਣ ਦਾ ਅਲਟੀਮੇਟਮ ਦਿੱਤਾ।

13. ਮਈ 30, 2011 ਨੂੰ ਜਥੇਦਾਰ, ਅਕਾਲ ਤਖ਼ਤ ਸਾਹਿਬ ਨੇ ਸ਼੍ਰੋਮਣੀ ਕਮੇਟੀ ਨੂੰ ਸ਼ਹੀਦਾਂ ਦੀ ਯਾਦਗਾਰ ਬਣਾਉਣ ਲਈ 6 ਜੂਨ ਤੋਂ ਪਹਿਲਾਂ ਫ਼ੈਸਲਾ ਲੈਣ ਲਈ ਆਦੇਸ਼ ਜਾਰੀ ਕੀਤੇ।

14. ਜੂਨ 6, 2011 ਨੂੰ ਸ਼੍ਰੋਮਣੀ ਕਮੇਟੀ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਅਕਾਲ ਤਖ਼ਤ ਸਾਹਿਬ ਤੋਂ ਸ਼ਹੀਦੀ ਯਾਦਗਾਰ ਬਣਾਉਣ ਲਈ 5 ਮੈਂਬਰੀ ਕਮੇਟੀ ਦੇ ਗਠਨ ਦਾ ਐਲ਼ਾਨ ਕੀਤਾ ਜੋ ਇਸ ਯਾਦਗਾਰ ਸਬੰਧੀ ਰੂਪ-ਰੇਖਾ ਘੜ ਕੇ 2 ਮਹੀਨਿਆਂ ਅੰਦਰ ਆਪਣੀ ਰਿਪੋਰਟ ਦੇਵੇਗੀ।

ਜੁਲਾਈ 8, 2011 ਨੂੰ ਚਾਰ ਸਿੱਖ ਜੱਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਸਬ-ਕਮੇਟੀ ਦੇ ਸਾਥ, ਸਹਿਯੋਗ ਲਈ 4 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਸ ਦੇ ਮੈਂਬਰ ਪ੍ਰੋ. ਜਗਮੋਹਨ ਸਿੰਘ, ਪ੍ਰੋ. ਗੁਰਤੇਜ ਸਿੰਘ, ਅਜਮੇਰ ਸਿੰਘ ਅਤੇ ਏ. ਆਰ. ਦਰਸ਼ੀ ਨਿਯੁਕਤ ਕੀਤੇ ਗਏ।



# ਅੰਤਿਕਾ 1: ਸਾਕਾ ਦਰਬਾਰ ਸਾਹਿਬ ਯਾਦਗਾਰ ਉਸਾਰਨ ਲਈ ਸੰਤ ਬਾਬਾ ਹਰਨਾਮ ਸਿੰਘ ਜੀ ਧੁੰਮਾ ਨੂੰ ਪੱਤਰ



## *Saka Darbar Sahib Memorial Committee*

**Freedom House, Near Railway Station, Amritsar**
**E: june1984memorial@gmail.com**
**T: 9814907055, 9815360051**

ਪਰਮ ਸਤਿਕਾਰ ਯੋਗ ਸੰਤ ਬਾਬਾ ਹਰਨਾਮ ਸਿੰਘ ਜੀਉ,
ਮੁਖੀ ਦਮਦਮੀ ਟਕਸਾਲ, ਚੌਂਕ ਮਹਿਤਾ, ਅੰਮ੍ਰਿਤਸਰ
ਮੈਂਬਰ, ਯਾਦਗਾਰ ਕਮੇਟੀ (ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ)

ਸਤਿਕਾਰ ਯੋਗ ਬਾਬਾ ਹਰਨਾਮ ਸਿੰਘ ਜੀਉ,
ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਪੰਥਕ ਜਥੇਬੰਦੀਆਂ ਵੱਲੋਂ ਬਣਾਈ ਗਈ "ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ" ਨੇ ਜੂਨ 1984 ਨੂੰ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਮੇਤ ਸ਼ਹੀਦ ਹੋਏ ਸਿੰਘ-ਸਿੰਘਣੀਆਂ ਦੀ ਯਾਦਗਾਰ ਦੇ ਸਥਾਨ ਅਤੇ ਰੂਪ-ਰੇਖਾ ਸਬੰਧੀ ਖਰੜਾ ਤਿਆਰ ਕਰਨ ਲਈ 12 ਜੁਲਾਈ ਤੋਂ ਕੰਮ ਸ਼ੁਰੂ ਕੀਤਾ ਹੋਇਆ ਹੈ ਤਾਂ ਜੋ ਇੱਕ ਅਜਿਹੀ ਯਾਦਗਾਰ ਉਸਾਰੀ ਜਾ ਸਕੇ, ਜੋ ਕਿ ਉਨ੍ਹਾਂ ਸ਼ਹੀਦਾਂ ਵੱਲੋਂ ਦਰਬਾਰ ਸਾਹਿਬ ਦੀ ਪਵਿੱਤਰਤਾ, ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਹਸਤੀ ਅਤੇ ਸਿੱਖ ਕੌਮ ਦੀ ਅਣਖ ਨੂੰ ਬਚਾਉਣ ਖਾਤਰ ਦਿੱਤੀਆਂ ਸ਼ਹਾਦਤਾਂ ਨੂੰ ਦਰਸਾਉਂਦੀ ਹੋਵੇ।

ਯਾਦਗਾਰ ਕਮੇਟੀ ਨੇ ਦਰਬਾਰ ਸਾਹਿਬ ਦਾ ਦੌਰਾ ਕੀਤਾ ਹੈ ਤਾਂ ਜੋ ਪਰਿਕਰਮਾ ਵਿੱਚ ਯਾਦਗਾਰ ਲਈ ਢੁਕਵੀਂ ਥਾਂ ਦੀ ਚੋਣ ਕੀਤੀ ਜਾ ਸਕੇ। ਕਮੇਟੀ ਮੈਂਬਰਾਂ ਨੇ ਬੁੱਧੀਜੀਵੀਆਂ ਤੇ ਹੋਰ ਸਰਗਰਮ ਸ਼ਖ਼ਸੀਅਤਾਂ ਨਾਲ ਮੁਲਾਕਾਤਾਂ ਦਾ ਸਿਲਸਿਲਾ ਵੀ ਆਰੰਭਿਆ ਹੋਇਆ ਹੈ। ਸਿੱਖ ਸਮਾਜ ਦੇ ਅੱਡ-ਅੱਡ ਵਰਗਾਂ ਦੀ ਰਾਇ ਤੇ ਸੁਝਾਅ ਹਾਸਲ ਕਰਨ ਲਈ ਕਮੇਟੀ ਨੇ ਦੇਸ਼-ਵਿਦੇਸ਼ ਵਿੱਚ ਅਖਬਾਰਾਂ ਵਿੱਚ ਇਸ਼ਤਿਹਾਰ ਵੀ ਦਿੱਤੇ ਹਨ ਤੇ ਇੰਟਰਨੈਟ 'ਤੇ ਸਰਵੇ ਸੁਆਲਨਾਮਾ ਵੀ ਪਾਇਆ ਹੈ।

ਇੱਕ ਅਹਿਮ ਕਦਮ ਉਠਾਉਂਦਿਆਂ, 31 ਜੁਲਾਈ ਨੂੰ ਕਮੇਟੀ ਵੱਲੋਂ ਇੱਕ ਇਕੱਤਰਤਾ ਉਨ੍ਹਾਂ ਪਰਿਵਾਰਾਂ ਨਾਲ ਵੀ ਕੀਤੀ ਜਾ ਰਹੀ ਹੈ ਜਿਨ੍ਹਾਂ ਦੇ ਪਰਿਵਾਰਾਂ ਦੇ ਜੀਅ ਜੂਨ 1984 ਦੇ ਸਾਕਾ ਦਰਬਾਰ ਸਾਹਿਬ ਵਿੱਚ ਸ਼ਹੀਦ ਹੋਏ ਹਨ। ਇਨ੍ਹਾਂ ਦੇ ਵਿਚਾਰਾਂ ਨੂੰ ਸੰਪੂਰਨ ਰੂਪ ਵਿੱਚ ਕਮੇਟੀ ਦੀ ਰਿਪੋਰਟ ਵਿੱਚ ਦਰਜ ਕੀਤਾ ਜਾਵੇਗਾ।

ਅਸੀਂ ਮੁੱਢ ਤੋਂ ਹੀ ਇਹ ਤੱਥ ਸਪਸ਼ਟ ਕਰ ਦਿੱਤਾ ਸੀ ਕਿ "ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ" ਨੂੰ ਬਣਾਉਣ ਦਾ ਮੰਤਵ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਕਮੇਟੀ, ਜਿਸ ਦੇ ਆਪ ਜੀ ਵੀ ਮੈਂਬਰ ਹੋ, ਨੂੰ ਸਹਿਯੋਗ ਦੇਣਾ ਹੈ। ਅਸੀਂ ਇਹ ਗੱਲ ਵੀ ਕਹਿ ਚੁੱਕੇ ਹਾਂ ਕਿ ਇਹ ਕਮੇਟੀ ਆਪਣੀ ਅੰਤਰਿਮ ਰਿਪੋਰਟ 8 ਅਗਸਤ ਤੋਂ ਪਹਿਲਾਂ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਸਥਾਪਤ ਕਮੇਟੀ ਨੂੰ ਵੀ ਸੌਂਪ ਦੇਵੇਗੀ।

ਅਖਬਾਰੀ ਰਿਪੋਰਟਾਂ ਮੁਤਾਬਕ 29 ਜੁਲਾਈ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਕਮੇਟੀ ਦੀ ਦੂਜੀ ਇਕੱਤਰਤਾ ਹੋਣ ਜਾ ਰਹੀ ਹੈ, ਜਿਸ ਵਿੱਚ ਆਪਜੀ ਵੀ ਸ਼ਮੂਲੀਅਤ ਕਰੋਗੇ। ਸਿੱਖ ਸੰਗਤਾਂ ਅਤੇ ਪੰਥਕ ਪਿਆਰ ਰੱਖਣ ਵਾਲੇ ਸੱਜਣਾਂ ਨਾਲ ਵਿਚਾਰ-ਚਰਚਾ ਮਗਰੋਂ ਸਾਡੇ ਕੋਲ ਜੋ ਸੁਝਾਅ ਆਏ ਹਨ, ਉਹ ਅਸੀਂ ਆਪ ਜੀ ਨਾਲ ਸਾਂਝੇ ਕਰ ਰਹੇ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਤੁਸੀਂ ਇਨ੍ਹਾਂ ਸੁਝਾਵਾਂ ਦਾ ਧਿਆਨ ਰੱਖੋਗੇ। ਹੇਠ ਲਿਖੇ ਵਿਚਾਰ ਆਪ ਜੀ ਦਾ ਖਾਸ ਧਿਆਨ ਮੰਗਦੇ ਹਨ:

1. ਸਾਕਾ ਦਰਬਾਰ ਸਾਹਿਬ ਦੀ ਯਾਦਗਾਰ ਦਰਬਾਰ ਸਾਹਿਬ ਦੀ ਪਰਿਕਰਮਾ ਦੇ ਵਿੱਚ ਹੀ ਬਣਾਈ ਜਾਵੇ ਜਿਵੇਂ ਕਿ ਬਾਬਾ ਦੀਪ ਸਿੰਘ, ਬਾਬਾ ਗੁਰਬਖ਼ਸ਼ ਸਿੰਘ ਤੇ ਭਾਈ ਸੁੱਖਾ ਸਿੰਘ-ਭਾਈ ਮਹਿਤਾਬ ਸਿੰਘ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ।

2. ਸਾਕਾ ਦਰਬਾਰ ਸਾਹਿਬ ਦੀ ਯਾਦਗਾਰ ਸਿੰਘਾਂ ਦੀ ਸੂਰਮਗਤੀ ਨੂੰ ਦਰਸਾਉਂਦੀ ਹੋਵੇ ਜੋ ਉਨ੍ਹਾਂ ਨੇ ਭਾਰਤੀ ਫ਼ੌਜ ਵੱਲੋਂ ਆਪਣੀ ਫ਼ਨਾਹਕਾਰੀ ਤਾਕਤ ਨਾਲ ਸਿੱਖਾਂ 'ਤੇ ਕੀਤੇ ਹਮਲੇ ਖ਼ਿਲਾਫ਼ ਜੂਝਦਿਆਂ ਦਿਖਾਈ।

3. ਸਾਕਾ ਦਰਬਾਰ ਸਾਹਿਬ ਦੀ ਯਾਦਗਾਰ ਅਕਾਲ ਤਖ਼ਤ ਸਾਹਿਬ ਦੇ ਨੇੜੇ ਹੀ ਬਣੇ ਜੋ ਕਿ ਜੰਗ ਦਾ ਕੇਂਦਰੀ ਸਥਾਨ ਰਿਹਾ ਹੈ ਅਤੇ ਜਿਸ 'ਤੇ ਬੇਤਹਾਸ਼ਾ ਬੰਬਾਰੀ ਕੀਤੀ ਗਈ। ਇਹ ਵੀ ਸਥਾਪਤ ਹੋ ਚੁੱਕਾ ਤੱਥ ਹੈ ਕਿ ਸ੍ਰੀ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੌਰਾਨ ਦਰਸ਼ਨੀ ਡਿਓਢੀ ਅਤੇ ਅਕਾਲ ਤਖ਼ਤ ਸਾਹਿਬ ਦੇ ਵਿਚਕਾਰਲਾ ਵਿਹੜਾ ਜੰਗ ਦਾ ਪ੍ਰਮੁੱਖ ਮੈਦਾਨ ਬਣ ਗਿਆ ਸੀ।

4. "ਸਾਕਾ ਦਰਬਾਰ ਸਾਹਿਬ ਯਾਦਗਾਰੀ ਕਮੇਟੀ" ਦਾ ਮੱਤ ਹੈ ਕਿ ਜੂਨ 1984 ਦੀ ਜੰਗ ਦੇ ਬਚੇ ਨਿਸ਼ਾਨਾਂ ਨੂੰ ਆਉਣ ਵਾਲੀਆਂ ਪੁਸ਼ਤਾਂ ਲਈ ਸੰਭਾਲ ਲਿਆ ਜਾਵੇ।

ਸਿੱਖ ਸੰਗਤਾਂ ਵੱਲੋਂ ਨਿਤ ਵਿਚਾਰ ਆ ਰਹੇ ਹਨ। ਕੌਮ ਦੀਆਂ ਸੁਹਿਰਦ ਧਿਰਾਂ ਇਸ ਕਾਰਜ ਲਈ ਦ੍ਰਿੜ੍ਹਤਾ ਨਾਲ ਵਿਚਾਰ ਇਕੱਠੇ ਕਰ ਰਹੀਆਂ ਹਨ ਤੇ ਭੇਜ ਰਹੀਆਂ ਹਨ। ਕਮੇਟੀ ਦੇ ਮੈਂਬਰ ਪੂਰਾ ਖਰੜਾ ਤਿਆਰ ਕਰਨ ਵਾਸਤੇ ਸੰਜੀਦਗੀ ਨਾਲ ਲੱਗੇ ਹੋਏ ਹਨ।

ਅਸੀਂ ਬੇਨਤੀ ਕਰਦੇ ਹਾਂ ਕਿ ਸਿੱਖ ਸੰਗਤ ਦੀਆਂ ਭਾਵਨਾਵਾਂ ਦਾ ਜ਼ਰੂਰ ਖਿਆਲ ਰੱਖਿਆ ਜਾਵੇ ਜੋ ਕਿ ਉਪਰ ਦਿੱਤੇ ਤੱਥਾਂ ਵਿੱਚੋਂ ਸਪਸ਼ਟ ਝਲਕਦੀਆਂ ਹਨ ਅਤੇ ਜੋ ਇਸ ਜੰਗ ਦੀ ਧਾਰਮਕ, ਸਿਆਸੀ ਅਤੇ ਇਤਿਹਾਸਕ ਮਹੱਤਤਾ ਦਰਸਾਉਂਦੀਆ ਹਨ, ਜਿਹੜੀ ਸਿੱਖ ਯੋਧਿਆਂ ਨੇ ਆਪਣੀ ਰਵਾਇਤੀ ਸੂਰਮਗਤੀ ਨਾਲ ਲੜੀ ਅਤੇ ਗੌਰਵਸ਼ਾਲੀ ਸ਼ਹਾਦਤਾਂ ਪ੍ਰਾਪਤ ਕੀਤੀਆਂ।

ਸਤਿਕਾਰ ਸਹਿਤ,

ਗੁਰਤੇਜ ਸਿੰਘ    ਅਜਮੇਰ ਸਿੰਘ    ਏ. ਆਰ. ਦਰਸ਼ੀ    ਪ੍ਰੋ. ਜਗਮੋਹਨ ਸਿੰਘ

27 ਜੁਲਾਈ 2011

## ਅੰਤਿਕਾ 2: Letter to Dr. Jaspal Singh-Dr. Prithpal Singh Kapur



### *Saka Darbar Sahib Memorial Committee*

**Freedom House, Near Railway Station, Amritsar**
**E: june1984memorial@gmail.com**
**T: 9814907055, 9815360051**

Dr. Jaspal Singh –Dr. Prithpal Singh Kapur
Members, SGPC-nominated Committee for Saka Dabar Sahib Memorial in Darbar Sahib Complex

Dear Sardar Sahib Ji
Waheguru Ji Ka Khalsa, Waheguru Ji Ki Fateh!

As you are aware, the Saka Darbar Sahib Memorial Committee set up by Panthic bodies on 12 July has started work for preparation of a Panthic proposal which will include identification of the appropriate site, the design and concept of a befitting memorial for those martyrs who laid down their lives to protect the sanctity of Darbar Sahib, the sui generis status of Akal Takht Sahib and the honour of the Sikh people during Saka Darbar Sahib in June 1984.

The committee comprising the undersigned has visited Darbar Sahib and carried out an extensive survey of the Parkarma for the purpose of choosing an appropriate place/building. The members have had meetings with scholars and activists since then and will continue to do so till the submission of the report. The Committee has placed advertisements in newspapers in Punjab and overseas seeking opinion from members of the public, scholars and experts. The Committee has also put the survey questionnaire online to seek as many replies as possible.

Significantly, we will be holding a meeting of the families of martyrs of June 1984 in Amritsar on 31 July, to rediscover their sentiments and emotions, which will be duly reflected in entirety in our report. At the very outset, we have expressly mentioned that the Saka Darbar Sahib Memorial Committee has been formed to supplement the efforts being done by the Committee appointed by the Shiromani Gurdwara Parbandhak Committee, of which you are a member. We have also said that our interim report would be submitted to the Jathedar of Akal Takht Sahib, no later than 8 August 2011.

As you are scheduled to be a participant in the second meeting convened by the SGPC on

29 July 2011, we request you to kindly consider the following points arising out of the discussions and feedback that we have received so far from the Sikh Sangat and those who are deeply attached and involved with this mission. The salient points are:

1. The Saka Darbar Sahib Memorial should be within the Parkarma of Darbar Sahib, in the same way and in the spirit of the memorials of Baba Deep Singh, Baba Gurbaksh Singh and Sukha Singh-Mehtab Singh.

2. The Saka Darbar Sahib Memorial should reflect the valour and fighting spirit of those who laid down their lives facing the full might of the Indian armed forces.

3. The Saka Darbar Sahib Memorial should be as near as possible to Akal Takht Sahib - which was the main theatre of the battle and was heavily bombarded by the Indian army -and whose courtyard between the Deori of Darbar Sahib and Akal Takht Sahib was converted into a battlefield.

4. The Saka Darbar Sahib Memorial Committee is of the view that all remaining tell-tale marks of the Battle of June 1984 should be preserved for posterity.

A detailed proposal is under preparation. We urgently request you to give due and full consideration to the above which reflects the sentiments of the Sikh Sangat and is in consonance with the religio-political and historic importance of the battle so ably fought by our valiant martyrs. With profound regards

Gurtej Singh  Ajmer Singh  A R Darshi  Jagmohan Singh

27 July 2011

# ਅੰਤਿਕਾ 3: ਲੋਕ ਰਾਇ ਇਕੱਠੀ ਕਰਨ ਲਈ ਇਸ਼ਤਿਹਾਰ



## ਸਾਕਾ ਦਰਬਾਰ ਸਾਹਿਬ
# ਯਾਦਗਾਰ
## ਕਿੱਥੇ? ਕਿਹੋ ਜਿਹੀ?

**ਜੂਨ 1984 ਵਿੱਚ ਸਾਕਾ ਦਰਬਾਰ ਸਾਹਿਬ ਦੌਰਾਨ ਕੌਮ ਦੀ ਆਨ ਦਰਬਾਰ ਸਾਹਿਬ ਦੀ ਅਜ਼ਮਤ ਅਤੇ ਅਕਾਲ ਤਖਤ ਸਾਹਿਬ ਦੀ ਸ਼ਾਨ ਨੂੰ ਸਮਰਪਿਤ ਹੁੰਦੇ ਹੋਏ ਕੌਮੀ ਜੁਝਾਰੂ ਅਤੇ ਅਣਗਿਣਤ ਬੇਕਸੂਰ ਮਰਦ, ਬੀਬੀਆਂ ਅਤੇ ਬੱਚੇ ਭਾਰਤੀ ਫੌਜ ਨਾਲ ਜੂਝਦੇ ਹੋਏ ਆਪਣੀਆਂ ਜਾਨਾਂ ਨਿਸ਼ਾਵਰ ਕਰ ਗਏ। ਅੱਜ 27 ਸਾਲਾਂ ਬਾਅਦ ਮੌਕਾ ਬਣਿਆ ਹੈ ਕਿ ਉਨ੍ਹਾਂ ਲਈ ਇੱਕ ਢੁਕਵੀਂ ਯਾਦਗਾਰ ਬਣਾਈ ਜਾਵੇ। ਇਸ ਬਾਰੇ ਆਪਣੇ ਵਡਮੁੱਲੇ ਵਿਚਾਰ ਦਿਓ ਜੀ।**

**ਕੀ ਸਾਕਾ ਦਰਬਾਰ ਸਾਹਿਬ ਯਾਦਗਾਰ, ਬਾਬਾ ਦੀਪ ਸਿੰਘ ਦੀ ਯਾਦਗਾਰ ਅਤੇ ਬਾਬਾ ਗੁਰਬਖਸ਼ ਸਿੰਘ ਦੀ ਯਾਦਗਾਰ ਵਾਂਗ ਪਰਕਰਮਾ ਵਿਚ ਹੀ ਹੋਣੀ ਚਾਹੀਦੀ ਹੈ?**

❍ ਹਾਂ ❍ ਨਾ ❍ ਬਾਹਰ ❍ ਕਿਤੇ ਹੋਰ

**ਯਾਦਗਾਰ ਕਿਹੋ ਜਿਹੀ ਹੋਣੀ ਚਾਹੀਦੀ ਹੈ?**

❍ ਪਹਿਲਾਂ ਤੋਂ ਮੌਜੂਦ ਇਤਿਹਾਸਕ ਇਮਾਰਤ ਵਿੱਚ ❍ ਗੁਰਦੁਆਰਾ ਰੂਪ ਵਿੱਚ

❍ ਜੰਗੀ ਯਾਦਗਾਰ ❍ ਉਪਰੋਕਤ ਤਿੰਨਾਂ ਦਾ ਸੁਮੇਲ

**ਦਰਬਾਰ ਸਾਹਿਬ ਦੀ ਪਰਕਰਮਾ ਵਿਚ ਯਾਦਗਾਰ ਕਿੱਥੇ ਬਣਨੀ ਚਾਹੀਦੀ ਹੈ?**

❍ ਬੁੰਗਾ ਰਾਮਗੜ੍ਹੀਆ ਦੇ ਨੇੜੇ ❍ ਗੁਰੂ ਤੇਗ ਬਹਾਦੁਰ ਸਾਹਿਬ ਦੇ ਥੜਾ ਸਾਹਿਬ ਨੇੜੇ

❍ ਅਕਾਲ ਤਖਤ ਸਾਹਿਬ ਦੇ ਸੱਜੇ ਪਾਸੇ (ਮਹਾਰਾਜਾ ਸ਼ੇਰ ਸਿੰਘ ਦਿਉੜੀ ਦੇ ਨੇੜੇ-ਤੇੜੇ)

❍ ਲੰਗਰ ਹਾਲ ਦੇ ਸਾਹਮਣੇ ਪਾਰਕ ਵਿੱਚ ❍ ਕਿਧਰੇ ਹੋਰ?

**ਕੀ ਤੁਸੀਂ ਯਾਦਗਾਰ ਬਣਾਉਣ ਦੇ ਉਪਰਾਲਿਆਂ ਵਿੱਚ ਯੋਗਦਾਨ ਪਾਉਣਾ ਚਾਹੋਗੇ?**

ਨੋਟ: ਆਪਣਾ ਨਾਮ, ਪਤਾ, ਫੋਨ, ਈਮੇਲ ਅਤੇ ਕਿੱਤਾ ਲਿਖ ਕੇ ਜਵਾਬ ਈਮੇਲ ਰਾਹੀਂ ਜਾਂ ਡਾਕ ਰਾਹੀਂ ਭੇਜੋ ਜੀ।

**ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ**

**ਗੁਰਤੇਜ ਸਿੰਘ ਅਜਮੇਰ ਸਿੰਘ ਏ. ਆਰ. ਦਰਸ਼ੀ ਪ੍ਰੋ. ਜਗਮੋਹਨ ਸਿੰਘ**

Email: june1984memorial@gmail.com

ਜਾਰੀ ਕਰਤਾ: ਦਲ ਖਾਲਸਾ, ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ), ਖਾਲਸਾ ਐਕਸ਼ਨ ਕਮੇਟੀ, ਪੰਥਕ ਸੇਵਾ ਲਹਿਰ

ਪਤਾ: ਅਜ਼ਾਦ ਭਵਨ, ਨੇੜੇ ਰੇਲਵੇ ਸਟੇਸ਼ਨ, ਅੰਮ੍ਰਿਤਸਰ (9814907055, 9815360051)

**ਇਹ ਇਸ਼ਤਿਹਾਰ ਅਜੀਤ ਅਖਬਾਰ ਵਿੱਚ ਛਪਵਾ ਕੇ ਲੋਕਾਂ ਕੋਲੋਂ ਰਾਇ ਮੰਗੀ ਗਈ**

# ਅੰਤਿਕਾ 4: ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਮੈਂਬਰਾਂ ਦੀ ਸੰਖੇਪ ਜਾਣ-ਪਹਿਚਾਣ



ਸਾਕਾ ਦਰਬਾਰ ਸਾਹਿਬ ਸ਼ਹੀਦੀ ਯਾਦਗਾਰ ਕਮੇਟੀ ਦੇ ਮੈਂਬਰ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਢੁਕਵੀਂ ਥਾਂ ਲੱਭਣ ਲਈ ਸਰਵੇਅ ਕਰਦੇ ਹੋਏ।

**ਗੁਰਤੇਜ ਸਿੰਘ**

ਚੰਡੀਗੜ੍ਹ ਦੇ ਰਹਿਣ ਵਾਲੇ ਗੁਰਤੇਜ ਸਿੰਘ ਇਕ ਅਧਿਆਪਕ ਰਹਿ ਚੁਕੇ ਹਨ। ਜ਼ਿੰਦਗੀ ਦਾ ਲੰਬਾ ਸਮਾ ਉਨ੍ਹਾ ਨੇ ਪ੍ਰਸ਼ਾਸਨਿਕ ਸੇਵਾਵਾਂ ਕੀਤੀਆਂ ਹਨ। ਉਹ ਲੰਮੇ ਸਮੇਂ ਤੋਂ ਸਿੱਖ ਇਤਿਹਾਸ ਦੀ ਰੌਅ ਨਾਲ ਚਲ ਰਹੇ ਹਨ। ਤਕਰੀਬਨ ਦੋ ਦਹਾਕੇ “ਪ੍ਰੋਫੈਸਰ ਆਫ ਸਿੱਖਇਜ਼ਿਮ” ਦਾ ਪੰਥਕ ਆਹੁਦਾ ਹੰਢਾ ਚੁੱਕੇ ਹਨ। ਉਨ੍ਹਾਂ ਨੇ ਬਤੌਰ ਸਿੱਖ ਹਮਦਰਦ ਅਤੇ ਚਿੰਤਕ ਵਜੋਂ ਦੇਸ਼-ਵਿਦੇਸ਼ ਵਿੱਚ ਉਨ੍ਹਾਂ ਦੀ ਪਛਾਣ ਹੈ। ਪੰਜਾਬੀ ਅਤੇ ਅੰਗ੍ਰੇਜੀ ਵਿੱਚ ਇੱਕ ਦਰਜਨ ਦੇ ਕਰੀਬ ਕਿਤਾਬਾਂ ਸਿੱਖ ਧਰਮ, ਇਤਿਹਾਸ ਆਦਿ ਬਾਰੇ ਲਿਖ ਚੁੱਕੇ ਹਨ।

ਸਿੱਖ ਕੌਮ ਦੇ ਵੱਡੇ ਸਮਕਾਲੀ ਬਜੁਰਗਾਂ ਨਾਲ ਇਨ੍ਹਾਂ ਦੇ ਸੁਖਾਵੇਂ ਸਬੰਧ ਰਹੇ ਹਨ। ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਨਾਲ ਇਨ੍ਹਾ ਦੇ ਨੇੜਲੇ ਸਬੰਧ ਸਨ। ਇਸ ਰਿਸ਼ਤੇ ਸਦਕਾ ਉਹ ਸੰਤ ਜੀ ਦੇ ਅਕੀਦਿਆਂ, ਭਾਵਨਾਵਾਂ, ਸੋਚਣੀ ਅਤੇ ਘਾਲਨਾਵਾਂ ਪ੍ਰਤੀ ਡੂੰਘੀ ਜਾਣਕਾਰੀ ਰੱਖਦੇ ਹਨ। ਪਾਕਿਸਤਾਨ ਸਰਕਾਰ ਵੱਲੋਂ ਅਨੰਦ ਮੈਰਿਜ ਐਕਟ ਕਾਨੂੰਨ ਬਣਾਏ ਜਾਣ ਵਿੱਚ ਭਰਪੂਰ ਯੋਗਦਾਨ ਪਾਇਆ ਹੈ। ਪਿਛਲੇ ਤੀਹ ਸਾਲਾਂ ਤੋਂ ਮਨੁੱਖੀ ਅਧਿਕਾਰਾਂ ਦੀ ਲਹਿਰ ਨਾਲ ਜੁੜੇ ਹਨ।

**ਅਜਮੇਰ ਸਿੰਘ**

ਗੂੜ੍ਹ ਰਾਜਸੀ ਵਿਸ਼ਲੇਸ਼ਕ ਜਿਨ੍ਹਾ ਨੇ ਅਜੋਕੇ ਸਮੇਂ ਦੇ ਇਤਿਹਾਸ ਨੂੰ ਕਲਮਬੰਦ ਇਨ੍ਹਾਂ ਪੁਸਤਕਾਂ ਵਿਚ ਕੀਤਾ ਹੈ “ਵੀਹਵੀਂ ਸਦੀ ਦੀ ਸਿੱਖ ਰਾਜਨੀਤੀ-ਇਕ ਗੁਲਾਮੀ ਤੋਂ ਦੂਜੀ ਗੁਲਾਮੀ ਤੱਕ (2003)”, “ਕਿਸ ਬਿਧ ਰੁਲੀ ਪਾਤਸ਼ਾਹੀ (2007)” ਅਤੇ “1984- ਅਣਚਿਤਵਿਆ ਕਹਿਰ (2009)”

**ਜਗਮੋਹਨ ਸਿੰਘ**

52 ਸਾਲਾ ਜਗਮੋਹਨ ਸਿੰਘ ਪਿਛਲੇ ਤਿੰਨ ਦਹਾਕਿਆਂ ਤੋਂ ਮਨੁੱਖੀ ਅਧਿਕਾਰ, ਸਿੱਖਾਂ ਦੇ ਹੱਕਾਂ ਲਈ ਜੰਗਜੂ ਹਨ। ਉਹ ਮੌਤ ਦੀ ਸਜ਼ਾ ਦੇ ਖਿਲਾਫ ਮੁਹਿੰਮ ਵਿਚ ਜੁਟੇ ਹੋਏ ਹਨ। ਉਹ ਪੰਥਕ ਮੁੱਦਿਆਂ ਅਤੇ ਸਿੱਖ ਕੌਮੀ ਪਹਿਚਾਣ ਵਾਲੇ ਲੇਖ ਲਿਖਣ ਅਤੇ ਅਜੋਕੇ ਮਸਲਿਆਂ ਤੇ ਸਿੱਖ ਕੌਮੀ ਪੱਖ ਨੂੰ ਉਜਾਗਰ ਕਰਨ ਦੇ ਉਪਰਾਲੇ ਕਰਦੇ ਰਹਿੰਦੇ ਹਨ। ਅੱਜ-ਕਲ ਉਹ ਸਿੱਖ ਕੌਮ ਨੂੰ ਸੌ ਫੀਸਦੀ ਸਿਖਿਅਤ ਕਰਨ, ਖਾਸ ਕਰਕੇ ਕੌਮ ਦੇ ਪਛੜੇ ਵਰਗ ਬਾਰੇ ਖੋਜ, ਵਿੱਦਿਆ ਅਤੇ ਪ੍ਰਫੁਲਤ ਵਾਲੇ ਉਪਰਾਲੇ ਕਰ ਰਹੇ ਹਨ।

**ਏ. ਆਰ. ਦਰਸ਼ੀ**

ਪੰਜਾਬ ਸਰਕਾਰ ਦੇ ਜਾਇੰਟ ਸੱਕਤਰ, ਵਧੀਕ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਪੀ. ਸੀ. ਐਸ ਅਫਸਰ, ਜੋ ਕਿ ਸਬ ਡਿਵਿਜ਼ਿਨਲ ਮੇਜਿਸਟ੍ਰੇਟ ਦੇ ਅਹੁਦੇ ਤੇ ਵੀ ਰਹੇ ਹਨ। ਉਨ੍ਹਾਂ ਨੇ ਪੰਜਾਬ ਦੇ ਧਾਰਮਿਕ-ਸਿਆਸੀ ਮਸਲਿਆਂ ਬਾਰੇ ਬਹੁਤ ਬਾਰੀਕੀ ਨਾਲ ਨਜ਼ਰਸ਼ਾਨੀ ਕਰਦੇ ਆ ਰਹੇ ਹਨ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਦੇਣ ਬਾਰੇ ਪਹਿਲੀ ਕਿਤਾਬ ਲਿਖ ਕੇ ਬੇਮਿਸਾਲ ਕੰਮ ਕੀਤਾ ਹੈ।

# ਅੰਤਿਕਾ 5: ਸਾਕਾ ਦਰਬਾਰ ਸਾਹਿਬ ਯਾਦਗਾਰ ਕਮੇਟੀ ਦੀਆਂ ਮੈਂਬਰ ਜਥੇਬੰਦੀਆਂ ਦੀ ਸੰਖੇਪ ਜਾਣ-ਪਹਿਚਾਣ

### ਖਾਲਸਾ ਐਕਸ਼ਨ ਕਮੇਟੀ

ਸਿੱਖ ਪੰਥ ਦੀਆਂ ਵੱਖ-ਵੱਖ ਜਥੇਬੰਦੀਆਂ ਵਲੋਂ ਸਾਂਝੇ ਰੂਪ ਵਿੱਚ 'ਖਾਲਸਾ ਐਕਸ਼ਨ ਕਮੇਟੀ' ਦਾ ਗਠਨ 4 ਜੁਲਾਈ 2007 ਨੂੰ ਸਰਸੇ ਸਾਧ ਦੀ ਖਾਲਸਾ ਪੰਥ ਨੂੰ ਦਿਤੀ ਚੁਣੌਤੀ ਨਾਲ਼ ਨਜਿੱਠਣ ਦੇ ਮੰਤਵ ਨਾਲ ਕੀਤਾ ਗਿਆ ਸੀ। ਇਸ ਦਾ ਮੌਜੂਦਾ ਸਰੂਪ - ਖਾਲਸਾ ਐਕਸ਼ਨ ਕਮੇਟੀ, ਇਕ ਧਾਰਮਿਕ ਜਥੇਬੰਦੀ ਦੇ ਰੂਪ ਵਿੱਚ ਬਦਲ ਚੁੱਕਾ ਹੈ। ਮੌਜੂਦਾ ਸਮੇ ਵਿੱਚ ਇਸ ਦੀ ਅਗਵਾਈ ਭਾਈ ਮੋਹਕਮ ਸਿੰਘ ਕਰ ਰਹੇ ਹਨ। ਪੰਥਕ ਮੁੱਦਿਆਂ ਤੇ ਮਸਲਿਆਂ ਲਈ ਜਥੇਬੰਦੀ ਦਾ ਹਾਂ-ਪੱਖੀ ਨਜ਼ਰੀਆ ਹੈ।

### ਦਲ ਖਾਲਸਾ

ਦਲ ਖ਼ਾਲਸਾ ਦਾ ਅਜੋਕਾ ਸਰੂਪ 6 ਅਗਸਤ 1978 ਨੂੰ ਹੋਂਦ ਵਿਚ ਆਇਆ ਜੋ ਇਤਿਹਾਸਕ ਤੌਰ ਤੇ ਪ੍ਰਵਾਨਿਤ ਸਿੱਖ ਪੰਥ ਦੀ ਹੋਂਦ-ਹਸਤੀ, ਮੁਢਲੀ ਸ਼ਾਨ ਤੇ ਪ੍ਰਭੂਸੱਤਾ ਨੂੰ ਮੁੜ ਸੁਰਜੀਤ ਕਰਨ ਲਈ ਯਤਨਸ਼ੀਲ ਹਨ। ਸਰਦਾਰ ਗਜਿੰਦਰ ਸਿੰਘ ਦੀ ਰਹਿਨੁਮਾਈ ਅਤੇ ਸਰਦਾਰ ਹਰਚਰਨਜੀਤ ਸਿੰਘ ਧਾਮੀ ਦੀ ਅਗਵਾਈ ਹੇਠ ਜਥੇਬੰਦੀ ਸਿੱਖਾਂ ਲਈ ਇਕ ਵਖਰੇ ਰਾਜ ਦੀ ਪ੍ਰਾਪਤੀ ਲਈ ਅਤੇ ਸਿੱਖ ਹੱਕਾਂ-ਹਿਤਾਂ ਦੀ ਰਾਖੀ ਲਈ ਵਚਨਬੱਧ ਹੈ।

### ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ)

ਭਾਈ ਦਲਜੀਤ ਸਿੰਘ ਦੇ ਉਦਮ ਅਤੇ ਯਤਨਾਂ ਸਦਕਾ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੀ ਸਥਾਪਨਾ 30 ਨਵੰਬਰ 2007 ਨੂੰ ਲੁਧਿਆਣਾ ਵਿਖੇ ਹੋਈ। 'ਪੰਚ ਪ੍ਰਧਾਨੀ' ਪਰੰਪਰਾ 'ਤੇ ਅਧਾਰਿਤ ਪੰਜ ਸਿੰਘਾਂ ਨੂੰ ਜਥੇਬੰਦੀ ਦੀ ਅਗਵਾਈ ਸੌਂਪੀ ਗਈ। ਖ਼ਾਲਿਸਤਾਨ ਦੀ ਪ੍ਰਾਪਤੀ ਲਈ ਸਰਗਰਮ ਇਸ ਜਥੇਬੰਦੀ ਦੀ ਲੀਡਰਸ਼ਿਪ ਨੇ ਜੁਝਾਰੂ ਸੰਘਰਸ਼ ਵਿਚ ਯੋਗਦਾਨ ਪਾਇਆ ਹੈ। ਜਥੇਬੰਦੀ ਹਰ ਪੰਥਕ ਸੰਕਟ ਮੌਕੇ ਮੋਹਰੀ ਭੂਮਿਕਾ ਨਿਭਾਂਉਦੀ ਆ ਰਹੀ ਹੈ।

### ਪੰਥਕ ਸੇਵਾ ਲਹਿਰ

'ਪੰਥਕ ਸੇਵਾ ਲਹਿਰ' ਸਿੱਖ ਪ੍ਰਚਾਰਕ ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਵਾਲੇ ਦੀ ਅਗਵਾਈ ਹੇਠ ਸਰਗਰਮ ਹੈ। ਦਮਦਮੀ ਟਕਸਾਲ ਦੇ ਵਿਦਿਆਰਥੀ ਰਹੇ ਬਾਬਾ ਬਲਜੀਤ ਸਿੰਘ ਆਧੁਨਿਕ ਸਮੇ ਦੇ ਹਾਣੀ ਹਨ ਤੇ ਗੁਰਮਤ ਦੇ ਪਰਚਾਰਕ ਹਨ। ਮੈਗਜੀਨ, ਇੰਟਰਨੈਟ ਤੇ ਸੀ.ਡੀਜ ਰਾਂਹੀ ਉਹਨਾਂ ਦੇਸ਼-ਵਿਦੇਸ਼ ਵਿਚ ਜਿਥੇ ਧਰਮ ਪ੍ਰਚਾਰ ਦੀ ਲਹਿਰ ਤੋਰ ਰੱਖੀ ਹੈ, ਉਥੇ ਨਾਲ਼ ਹੀ ਦੇਹਧਾਰੀ ਗੁਰੂਡੰਮ ਖਿਲਾਫ ਝੰਡਾ-ਬਰਦਾਰ ਵੀ ਹਨ।

# ਅੰਤਿਕਾ 6: ਸਾਕਾ ਦਰਬਾਰ ਸਾਹਿਬ ਯਾਦਗਾਰ ਦੀ ਉਸਾਰੀ ਲਈ ਚੋਣ ਕੀਤੇ ਸਥਾਨਾਂ ਦੀਆਂ ਤਸਵੀਰਾਂ









